ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

VOL-13 ISSUE 2510 | 30 June, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260



ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ


# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਰਕਾਰ ਨੂੰ ਇੱਕ ਮਹੀਨੇ ਦਾ ਅਲਟੀਮੇਟਮ



ਅੰਮ੍ਰਿਤਸਰ
ਡਾ.ਰਜਿੰਦਰ ਰਿਖੀ

'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਐਤਵਾਰ ਨੂੰ ਮੰਤਰੀਆਂ ਦੀ ਪੇਸ਼ੀ ਦੌਰਾਨ ਅਹਿਮ ਫ਼ੈਸਲੇ ਲਏ ਗਏ। ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨ ਨੇ ਪੰਜਾਬ ਸਰਕਾਰ ਨੂੰ ਇੱਕ ਮਹੀਨੇ ਦੇ ਅੰਦਰ ਕਾਨੂੰਨ ਵਿਚ ਲੋੜੀਂਦੀਆਂ ਸੋਧਾਂ ਕਰਨ ਦਾ ਅਲਟੀਮੇਟਮ ਦਿੱਤਾ। ਇਸ ਦੇ ਨਾਲ ਹੀ ਨਿਰਦੇਸ਼ ਦਿੱਤਾ ਗਿਆ ਕਿ ਜਦੋਂ ਤੱਕ ਧਾਰਮਿਕ ਅਤੇ ਕਾਨੂੰਨੀ ਇਤਰਾਜ਼ਾਂ ਦਾ ਨਿਪਟਾਰਾ ਨਹੀਂ ਹੋ ਜਾਂਦਾ, ਉਦੋਂ ਤੱਕ ਐਕਟ ਦੇ ਲਾਗੂ ਹੋਣ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਈ ਜਾਵੇ।

ਸੁਣਵਾਈ ਦੌਰਾਨ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਨੇ ਆਪਣਾ ਪੱਖ ਰੱਖਿਆ। ਪੰਜ ਸਿੰਘ ਸਾਹਿਬਾਨ ਵੱਲੋਂ ਇੱਕ ਮਹੀਨੇ ਦੇ ਅੰਦਰ ਵਿਧਾਨ ਸਭਾ ਰਾਹੀਂ ਕਾਨੂੰਨ ਵਿਚ ਸੋਧ ਕਰਨ ਦੀ ਹਦਾਇਤ ਦਿੱਤੇ ਜਾਣ ਤੋਂ ਬਾਅਦ ਹਾਲ ਵਿਚ ਮੌਜੂਦ ਸਮੂਹ ਵਿਧਾਇਕਾਂ ਨੇ ਇਸ ਫ਼ੈਸਲੇ ਨੂੰ ਸਵੀਕਾਰ ਕਰਦਿਆਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਗਾਏ ਅਤੇ ਭਰੋਸਾ ਦਿੱਤਾ ਕਿ ਨਿਰਧਾਰਿਤ ਸਮੇਂ ਅੰਦਰ ਲੋੜੀਂਦੀਆਂ ਸੋਧਾਂ ਕਰਵਾਉਣ ਲਈ ਉਹ ਯਤਨ ਕਰਨਗੇ।

ਸੁਣਵਾਈ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਾਨੂੰਨ ਤਿਆਰ ਕਰਦੇ ਸਮੇਂ ਪੰਥਕ ਰਵਾਇਤਾਂ ਅਤੇ ਧਾਰਮਿਕ ਮਰਿਆਦਾ ਦਾ ਪੂਰਾ ਧਿਆਨ ਨਹੀਂ ਰੱਖਿਆ ਗਿਆ, ਜਿਸ ਕਾਰਨ ਸੰਗਤ ਵਿਚ ਭੁਲੇਖਾ ਅਤੇ ਚਿੰਤਾ ਦਾ ਮਾਹੌਲ ਬਣਿਆ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸਿੱਖ ਭਾਵਨਾਵਾਂ ਅਨੁਸਾਰ ਸੋਧ ਕਰਦੀ ਹੈ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਹਰ ਸੰਭਵ ਸਹਿਯੋਗ ਦੇਣ ਲਈ ਤਿਆਰ ਹੈ।

ਸੁਣਵਾਈ ਦੌਰਾਨ ਪੰਜ ਸਿੰਘ ਸਾਹਿਬਾਨ ਨੇ ਕਾਨੂੰਨ ਦੀਆਂ ਕਈ ਧਾਰਾਵਾਂ 'ਤੇ ਇਤਰਾਜ਼ ਜਤਾਏ। ਉਨ੍ਹਾਂ ਕਿਹਾ ਕਿ ਪ੍ਰਕਾਸ਼ਿਤ ਬੀੜਾਂ 'ਤੇ ਯੂਨੀਕ ਨੰਬਰ ਲਗਾਉਣ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਦਾ ਅਧਿਕਾਰ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਕੋਲ ਹੈ ਅਤੇ ਸਰਕਾਰ ਇਸ ਸਬੰਧੀ ਸਿਰਫ਼ ਸੁਝਾਅ ਦੇ ਸਕਦੀ ਹੈ, ਕਾਨੂੰਨ ਨਹੀਂ ਬਣਾ ਸਕਦੀ। ਇਸ ਤੋਂ ਇਲਾਵਾ ਕਾਨੂੰਨ ਵਿਚ 'ਬੀੜ' ਦੀ ਥਾਂ 'ਸਰੂਪ' ਸ਼ਬਦ ਦੀ ਵਰਤੋਂ ਨੂੰ ਵੀ ਪੰਥਕ ਰਵਾਇਤਾਂ ਦੇ ਉਲਟ ਦੱਸਿਆ ਗਿਆ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੁਣਵਾਈ ਦੌਰਾਨ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਹਿਲਾਂ ਭੇਜੇ ਗਏ ਇਤਰਾਜ਼ ਉਹ ਸਰਕਾਰ ਤੱਕ ਪਹੁੰਚਾ ਚੁੱਕੇ ਸਨ ਅਤੇ ਕਾਨੂੰਨ ਵਿਚ ਸੋਧ ਕਰਨ ਦਾ ਅਧਿਕਾਰ ਸਰਕਾਰ ਅਤੇ ਵਿਧਾਨ ਸਭਾ ਕੋਲ ਹੈ। ਕਾਂਗਰਸੀ ਆਗੂ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਇਹ ਐਕਟ ਕਾਹਲੀ ਵਿਚ ਪਾਸ ਕੀਤਾ ਗਿਆ ਅਤੇ ਵਿਧਾਇਕਾਂ ਨੂੰ ਇਸ 'ਤੇ ਪੂਰੀ ਚਰਚਾ ਦਾ ਮੌਕਾ ਨਹੀਂ ਮਿਲਿਆ।

ਇਸ ਦੌਰਾਨ ਸਾਲ 2017 ਦੇ ਮੌੜ ਬੰਬ ਧਮਾਕੇ ਦਾ ਮੁੱਦਾ ਵੀ ਸੁਣਵਾਈ ਵਿਚ ਉੱਠਿਆ ਅਤੇ ਇਸ ਮਾਮਲੇ ਵਿਚ ਕਾਰਵਾਈ ਨੂੰ ਲੈ ਕੇ ਸਵਾਲ ਕੀਤੇ ਗਏ। ਸੁਣਵਾਈ ਦੀ ਸ਼ੁਰੂਆਤ ਅਤੇ ਸਮਾਪਤੀ ਗੁਰਬਾਣੀ ਦੇ ਜਾਪ ਅਤੇ ਅਰਦਾਸ ਨਾਲ ਹੋਈ, ਜਿਸ ਵਿਚ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਨੇ ਸ਼ਮੂਲੀਅਤ ਕੀਤੀ।

ਇਕੱਤਰਤਾ ਦੇ ਅੰਤ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਹਦਾਇਤ ਦਿੱਤੀ ਕਿ ਇਸ ਸੰਵੇਦਨਸ਼ੀਲ ਮਾਮਲੇ 'ਤੇ ਬਾਹਰ ਜਾ ਕੇ ਕਿਸੇ ਵੀ ਤਰ੍ਹਾਂ ਦੀ ਸਿਆਸੀ ਦੂਸ਼ਣਬਾਜ਼ੀ ਜਾਂ ਆਪਸੀ ਦੋਸ਼ਾਰੋਪਣ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਕਿਸੇ ਪਾਰਟੀ ਦੀ ਜਿੱਤ ਜਾਂ ਹਾਰ ਦਾ ਨਹੀਂ, ਸਗੋਂ ਗੁਰੂ ਸਾਹਿਬ ਦੇ ਸਤਿਕਾਰ ਨਾਲ ਜੁੜਿਆ ਸਾਂਝਾ ਮਾਮਲਾ ਹੈ ਅਤੇ ਸਾਰਿਆਂ ਨੂੰ ਮਿਲ ਕੇ ਇਸ ਦਾ ਹੱਲ ਕੱਢਣਾ ਚਾਹੀਦਾ ਹੈ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਭਾਰਤ ਦੀ ਸਰਕਾਰ ਸਿੱਖ ਮਸਲਿਆਂ ਵਿੱਚ ਸਿੱਧੀ ਦਖ਼ਲਅੰਦਾਜ਼ੀ ਕਰ ਰਹੀ ਹੈ, ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਤੇ ਕੰਟਰੋਲ ਕਰਨ ਦਾ ਮਸਲਾ ਪੰਜਾਬ ਵਿੱਚ ਹੋਣ ਵਾਲੀਆਂ ਚੋਣਾਂ ਕਰਕੇ ਵਕਤੀ ਤੌਰ 'ਤੇ ਟਾਲਿਆ



ਜੰਗ ਸਿੰਘ ਮਰਸੰਡ (ਅਮਰੀਕਾ)
+1 415 603 7380

ਦੇਸ਼ ਵਿੱਚ ਰਾਜ ਕਰ ਰਹੀ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਆਪਣੇ ਸਾਹਮਣੇ ਇਕੋ ਇਕ ਨਿਸ਼ਾਨਾ ਰੱਖ ਕੇ ਚਲ ਰਹੀ ਹੈ ਕਿ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਹੈ। ਇਸ ਮਕਸੱਦ ਵਿੱਚ ਉਹ ਪੜਾਅ ਦਰ ਪੜਾਅ ਵੱਧਦੀ ਹੀ ਜਾ ਰਹੀ ਹੈ ਇਸ ਨੇ ਸਭ ਤੋਂ ਪਹਿਲਾਂ ਦੇਸ਼ ਦੀ ਸਭ ਤੋਂ ਵੱਡੀ ਘਟ ਗਿਣਤੀ ਵਿੱਚ 20-25 ਕਰੋੜ ਦੇ ਮੁਸਲਮਾਨਾਂ ਨੂੰ ਡਰ ਖੌਫ ਦਾ ਮਾਹੌਲ ਸਿਰਜ ਕੇ ਹਰ ਪ੍ਰਕਾਰ ਦਾ ਹਰਬਾ ਖਰਬਾ ਵਰਤ ਕੇ ਇਥੋਂ ਤਕ ਕਿ ਉਨਾਂ ਦੇ ਪ੍ਰਾਂਤ ਜੰਮੂ ਕਸ਼ਮੀਰ ਨੂੰ ਖਤਮ ਕਰਕੇ ਕੇਂਦਰ ਨੇ ਆਪਣੇ ਅਧੀਨ ਕਰ ਲਿਆ ਜੋ ਹੁਣ ਤਕ ਉਸੇ ਅਧੀਨ ਚਲਿਆ ਆ ਰਿਹਾ ਹੈ। ਉਨਾਂ ਨੂੰ ਭਾਵ ਮੁਸਲਮਾਨਾਂ ਨੂੰ ਚੂੰ ਤਕ ਨਹੀਂ ਕਰਨ ਦਿੱਤੀ। ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਿੱਚ ਜੇ ਇਸ ਪਾਰਟੀ ਨੂੰ ਕਿਸੇ ਹੋਰ ਪ੍ਰਾਂਤ ਤੋਂ ਖਤਰਾ ਹੈ ਕਿ ਉਹ ਵੱਡੀ ਰੁਕਾਵਟ ਬਣ ਸਕਦੇ ਹਨ ਤਾਂ ਉਹ 'ਪੰਜਾਬ' ਦੇ ਵਾਸੀ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਹਨ। ਹੁਣ ਭਾਜਪਾ ਪੰਜਾਬ ਨੂੰ ਕਾਬੂ ਕਰਨ ਲਈ ਕਈ ਪਰਕਾਰ ਦੇ ਹੱਥਕੰਡੇ ਵਰਤਦੀ ਆ ਰਹੀ ਹੈ। ਦੇਸ਼ ਦੇ ਲੋਕ ਇਹ ਵੀ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਭਾਜਪਾ ਨੇ ਜਿਸ ਵੀ ਪਾਰਟੀ ਨਾਲ ਰਾਜਨੀਤਕ ਤੌਰਤੇ ਸਮਝੌਤਾ ਕੀਤਾ ਹੈ ਉਸ ਪਾਰਟੀ ਦਾ ਕੁਝ ਸਮੇਂ ਬਾਅਦ ਉਸੇ ਪ੍ਰਾਂਤ ਵਿੱਚ ਇਕ ਤਰ੍ਹਾਂ ਦਾ ਨਾਮੋ ਨਿਸ਼ਾਨ ਹੀ ਮਿਟਾ ਕੇ ਆਪਣਾ ਰਾਜ ਸਥਾਪਤ ਕਰਦੀ ਰਹੀ ਹੈ। ਇਹੋ ਕੁਝ ਇਸ ਪਾਰਟੀ ਨੇ ਪੰਜਾਬ ਵਿੱਚ ਅਕਾਲੀ ਦੱਲ ਨਾਲ ਕੀਤਾ ਹੈ ਅੱਜ ਅਕਾਲੀ ਪਾਰਟੀ ਦੇ ਆਗੂ ਆਪਸ ਵਿੱਚ ਲੀਰੋ ਲੀਰ ਕਰ ਦਿੱਤੇ ਹਨ। ਆਪਣੇ ਆਪ ਨੂੰ ਅਕਾਲੀਆਂ ਦਾ ਛੋਟਾ ਭਰਾ ਦਸਣ ਵਾਲੀ 'ਭਾਜਪਾ' ਹੁਣ ਆਪਣੇ ਆਪ ਨੂੰ ਪੰਜਾਬ ਦਾ ਵੱਡਾ ਭਰਾ ਆਖ ਕੇ ਅਕਾਲੀ ਦੱਲਾਂ ਨਾਲ ਚੋਣਾਂ ਵਿੱਚ ਸਮਝੌਤਾ ਕਰਨ ਦੀ ਗੱਲ ਕਰ ਰਹੀ ਹੈ। ਗੱਲ ਬੜੀ ਸਪਸ਼ਟ ਹੈ ਜਿਨਾਂ ਚਿਰ ਪੰਜਾਬ ਦੇ ਅਕਾਲੀ ਲੀਡਰ ਸਿਰ ਜੋੜ ਕੇ ਇਕੱਠੇ ਨਹੀਂ ਹੁੰਦੇ ਉਨਾਂ ਲਈ ਪੰਜਾਬ ਨੂੰ ਸਾਂਭਣਾ ਅਤਿ ਦਾ ਮੁਸ਼ਕਲ ਬਣਦਾ ਜਾ ਰਿਹਾ ਹੈ। ਉਹ ਪੰਜਾਬੀਆਂ ਤੇ ਸਿੱਖ ਕੌਮ ਤੇ ਖਤਰਨਾਕ ਹਮਲੇ ਕਰਦੀ ਆ ਰਹੀ ਹੈ ਤਾਂ ਕਿ ਉਨਾਂ ਦੀ ਅਹਿਮੀਅਤ ਇਸ ਤਰਾਂ ਦੀ ਕਰ ਦਿੱਤੀ ਜਾਵੇ ਕਿ ਉਹ ਪੂਰੀ ਤਰਾਂ ਬੁਖਲਾਅ ਜਾਣ। ਸੰਸਾਰ ਭਰ ਦੇ ਲੋਕ ਵਿਸ਼ੇਸ਼ ਕਰਕੇ ਸਿੱਖ ਵੀ ਵੇਖਦੇ ਆ ਰਹੇ ਹਨ ਕਿ ਹਿਮਾਚਲ ਪ੍ਰਦੇਸ਼ ਤੇ ਹੁਣ ਉਤਰਾਖੰਡ ਵਿੱਚ ਪੰਜਾਬੀਆਂ ਨਾਲ ਕੀ ਕੁਝ ਕੀਤਾ ਜਾ ਰਿਹਾ ਹੈ। ਇਸ ਸਭ ਕੁਝ ਦੇ ਮਗਰ ਰ.ਸ.ਸ. ਭੂਮਿਕਾ ਨਿਭਾਉਂਦੀ ਆ ਰਹੀ ਹੈ। ਦੇਸ਼ ਦੀ ਸਰਕਾਰ ਨੂੰ ਬਰਾਏ ਨਾਮ ਭਾਜਪਾ ਚਲਾਉਂਦੀ ਨਜਰ ਆ ਰਹੀ ਹੈ ਅਸਲ ਵਿੱਚ ਇਸ ਦੀ ਵਾਗਡੋਰ ਰ.ਸ.ਸ. ਦੇ ਕੋਲ ਹੈ ਜੋ ਜੋ ਦਿਸ਼ਾ ਨਿਰਦੇਸ਼ ਉਹ ਭਾਰਤ ਦੀ ਸਰਕਾਰ ਨੂੰ ਦੇਂਦੀ ਹੈ ਉਸੇ ਮੁਤਾਬਿਕ ਭਾਜਪਾ ਕੰਮ ਕਰਦੀ ਆ ਰਹੀ ਹੈ। ਮੱਧ ਪ੍ਰਦੇਸ਼ ਵਿੱਚ ਭਾਜਪਾ ਦਾ ਰਾਜ ਹੈ ਕੇਂਦਰ ਦੇ ਇਸ਼ਾਰੇ ਤੇ ਹੀ ਸਿੱਖ ਕੌਮ ਦੇ ਪੰਜਾਂ ਵਿੱਚੋਂ ਇਕ ਤਖੱਤ ਸ੍ਰੀ ਹਜੂਰ ਸਾਹਿਬ ਜਿਸ ਦਾ 70 ਸਾਲ ਪਹਿਲਾਂ 1956 ਵਿੱਚ ਇਕ ਐਕਟ ਬਣਾਇਆ ਗਿਆ ਸੀ ਜਿਸ ਵਿੱਚ ਇਸ ਤੱਖਤ ਨੂੰ ਚਲਾਉਣ ਦੇ ਸਾਰੇ ਅਧਿਕਾਰ ਸਿੱਖਾਂ ਕੋਲ ਸਨ ਉਸ ਐਕਟ ਨੂੰ ਖਤਮ ਕਰ ਕੇ ਹੁਣ ਨਵਾਂ ਕਾਨੂੰਨ ਬਣਾ ਰਹੀ ਸੀ। ਜਿਸ ਤਹਿਤ ਨਵੇਂ ਕਾਨੂੰਨ ਰਾਹੀਂ 17 ਮੈਂਬਰੀ ਬੋਰਡ ਵਿੱਚ 12 ਮੈਂਬਰ ਮਹਾਂ ਰਾਸ਼ਟਰ ਦੀ ਸਰਕਾਰ ਆਪਣੇ ਨਾਮਜਦ ਕਰਨਾ ਚਾਹੁੰਦੀ ਹੈ, ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ 4 ਤੋਂ ਘਟਾ ਕੇ 2 ਕਰ ਰਹੀ ਹੈ, ਚੀਫ ਖਾਲਸਾ ਦੀਵਾਨ ਅਤੇ ਹਜੂਰੀ ਸੱਚਖੰਡ ਦੀਵਾਨ ਦੀ ਹਸਤੀ ਪੂਰੀ ਤਰਾਂ ਖਤਮ ਕੀਤੀ ਗਈ ਹੈ, ਸਿੱਖ ਸੰਸਦ ਮੈਂਬਰਾਂ ਦੀਆਂ ਲਾਜਮੀ ਸੀਟਾਂ ਖਤਮ ਕਰ ਦਿੱਤੀਆਂ ਗਈਆਂ ਹਨ। ਇਸ ਸਭ ਕੁਝ ਦਾ ਮਤਲਬ ਸਪਸ਼ਟ ਹੈ ਕਿ ਭਾਜਪਾ ਤੱਖਤ ਸ੍ਰੀ ਹਜੂਰ ਸਾਹਿਬ ਦਾ ਪ੍ਰਬੰਧ ਦੇਣਾ ਰ.ਸ.ਸ. ਦੇ ਮੈਂਬਰ ਭਰਤੀ ਕਰਕੇ ਉਨਾਂ ਦੇ ਹੱਥ ਫੜਾਉਣਾ ਚਾਹੁੰਦੀ ਸੀ। ਜਿਸ ਦਾ ਵਿਰੋਧ ਤੱਖਤ ਸ੍ਰੀ ਹਜੂਰ ਸਾਹਿਬ ਦੀ ਮੌਜੂਦਾ ਸਾਰੀ ਪ੍ਰਬੰਧਕ ਕਮੇਟੀ, ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਵਲੋਂ ਇੰਨੇ ਜੋਰ ਨਾਲ ਹੋਣ ਨਾਲ, ਭਾਜਪਾ ਸਰਕਾਰ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਜੇਕਰ ਸਰਕਾਰ ਨੇ ਜਬਰੀ ਸਿੱਖ ਭਾਵਨਾਵਾਂ ਦੇ ਉਲਟ ਜਾ ਕੇ 1956 ਦੇ ਐਕਟ ਨੂੰ ਬਦਲਿਆ ਤਾਂ ਇਸ ਦਾ ਅਸਰ ਭਾਰਤੀ ਜੰਨਤਾ ਪਾਰਟੀ ਜੋ ਹਰ ਹੀਲੇ ਪੰਜਾਬ ਤੇ ਕਬਜਾ ਕਰਨ ਦੀ ਧਾਰੀ ਬੈਠੀ ਹੈ ਉਸ ਤੇ ਬੜਾ ਬੁਰਾ ਪ੍ਰਭਾਵ ਪਵੇਗਾ। ਜਿਸ ਕਰਕੇ ਭਾਜਪਾ ਨੂੰ ਇਹ ਐਕਟ ਵਕਤੀ ਤੌਰਤੇ ਮੁਲਤੱਵੀ ਕਰਨਾ ਪਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰ ਸ੍ਰ ਕਰਨੈਲ ਸਿੰਘ ਪੰਜੋਲੀ ਨੇ ਸੋਸ਼ਲ ਮੀਡੀਆ ਤੇ ਖਦਸ਼ਾ ਪ੍ਰਗਟ ਕਰਦੇ ਕਿਹਾ ਹੈ ਕਿ ਭਾਜਪਾ ਤੇ ਰ.ਸ.ਸ. ਸਿੱਖ ਕੌਮ ਦੇ ਧਾਰਮਿਕ ਅਸਥਾਨਾਂ ਤੇ ਇਕ ਇਕ ਕਰਕੇ ਕਾਬਜ ਹੋਣਾ ਚਾਹੁੰਦੀ ਹੈ। ਜੇਕਰ ਅਕਾਲੀ ਦੱਲਾਂ ਨੇ ਆਪਣਾ ਏਕਾ ਨਾ ਬਣਾਇਆ ਤਾਂ ਸਿੱਖਾਂ ਕੋਲੋਂ ਉਨਾਂ ਦਾ ਸਰਬ ਉੱਚ ਧਾਰਮਿਕ ਅਦਾਰਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਚੇਗੀ ਅਤੇ ਨਾ ਹੀ ਪੰਜਾਬ! ਪਿਛਲੇ ਕਈ ਸਾਲਾਂ ਤੋਂ ਦੂਸਰੇ ਪ੍ਰਾਂਤਾਂ ਤੋਂ ਧੜਾ ਧੜ ਪ੍ਰਵਾਸੀ ਲਿਆਂਦੇ ਜਾ ਰਹੇ ਹਨ ਉਹ ਪੰਜਾਬ ਵਿੱਚ ਆਪਣੀਆਂ ਜਮੀਨਾਂ ਖ੍ਰੀਦ ਰਹੇ ਹਨ, ਬਿਨਾ ਰੋਕ ਟੋਕ ਦੇ ਬਿਨਾ ਕਿਸੇ ਤਸਦੀਕ ਦੇ ਉਨਾਂ ਦੇ ਰਾਸ਼ਨ ਕਾਰਡ, ਵੋਟਰ ਕਾਰਡ, ਅਧਾਰ ਕਾਰਡ ਬਣ ਰਹੇ ਹਨ ਜਦੋਂ ਕਿ ਪੰਜਾਬ ਦਾ ਵਾਸੀ ਕਿਸੇ ਦੂਸਰੇ ਪ੍ਰਾਂਤ ਵਿੱਚ ਨਾ ਜਮੀਨ ਖ੍ਰੀਦ ਸਕਦਾ ਹੈ ਨਾ ਹੀ ਵੋਟਰ ਕਾਰਡ ਬਣਾ ਸਕਦਾ ਹੈ, ਅਧਾਰ ਕਾਰਡ ਬਣਵਾਉਣ ਲਈ ਤਾਂ ਉਹ ਸੋਚ ਵੀ ਨਹੀਂ ਸਕਦਾ। ਇਹ ਸਭ ਕੁਝ ਵੀ ਪੰਜਾਬੀਆਂ ਦੀ ਆਪਸੀ ਫੁੱਟ ਦਾ ਨਤੀਜਾ ਹੈ। ਪੰਜਾਬੀਆਂ ਵਿੱਚ ਇਕੱਠੇ ਨਾ ਰਹਿ ਸਕਣ ਦੀ ਵੱਡੀ ਕਮਜੋਰੀ ਹੈ ਇਸੇ ਕਰਕੇ ਪੜਾਅ ਪੜਾਅ ਤੇ ਪੰਜਾਬ ਤੇ ਪੰਜਾਬੀਆਂ ਨਾਲ ਬੇਇਨਸਾਫੀਆਂ ਹੋ ਰਹੀਆਂ ਹਨ। ਪੰਜਾਬ ਵਿੱਚੋਂ ਪੰਜਾਬੀਆਂ ਦੀ ਬਹੁ ਗਿਣਤੀ ਨੂੰ ਬੜੀ ਸਾਜਿਸ਼ ਨਾਲ ਖਤਮ ਕੀਤਾ ਜਾ ਰਿਹਾ ਹੈ। ਕੋਣ ਨਹੀਂ ਜਾਣਦਾ ਦੇਸ਼ ਦੀ ਅਜਾਦੀ ਨੂੰ ਪ੍ਰਾਪਤ ਕਰਨ 80% ਤੋਂ ਵਧੇਰੇ ਕੁਰਬਾਨੀਆ ਸਿਰਫ ਤੇ ਸਿਰਫ ਪੰਜਾਬੀਆਂ ਦੀਆਂ ਹਨ। ਦੇਸ਼ ਵੰਡ ਦੇ ਬਟਵਾਰੇ ਸਮੇਂ 1947 ਵਿੱਚ 10 ਲੱਖ ਲੋਕ ਵੱਢ ਟੁੱਕ ਦਾ ਸ਼ਿਕਾਰ ਵੀ ਪੰਜਾਬੀ ਹੀ ਹੋਏ ਸਨ। ਆਖਰ ਪੰਜਾਬੀਆਂ ਨੂੰ ਮਿਲਿਆ ਕੀ ?, ਵਿਸ਼ਾਲ ਪੰਜਾਬ ਨੂੰ ਲਗਾਤਾਰ ਵੰਡਿਆ ਗਿਆ ਹੈ ਪੰਜਾਬ ਵਿੱਚੋਂ ਹਰਿਆਣਾ, ਹਿਮਾਚਲ ਪਰਦੇਸ਼ ਨਿਕਲਣਾ ਤਾਂ ਥੋਹੜੇ ਸਮੇਂ ਦੀ ਗੱਲ ਪੰਜਾਬੀਆਂ ਦੀ ਫੁੱਟ ਕਾਰਨ ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਬਾਹਰ ਕੱਢੇ ਗਏ ਹੋਰ ਤਾਂ ਹੋਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵੀ ਖੋਹ ਰੱਖੀ ਹੈ ਕੇਂਦਰ ਸਰਕਾਰ ਵਲੋਂ ਕੀਤੇ ਵਾਅਦੇ ਅਨੁਸਾਰ ਰਾਜਧਾਨੀ ਨਹੀਂ ਦਿੱਤੀ ਗਈ ਹੁਣ ਤਾਂ ਉਸ ਦਾ ਇਕ ਤਾਜਾ ਮਾਲਕ ਹੋਰ ਹਿਮਾਚਲ ਵੀ ਬਣ ਗਿਆ ਹੈ। ਜੇਕਰ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਆਪਣੇ ਆਪ ਨੂੰ ਪੰਜਾਬੀ ਸਮਝਦੇ ਤੇ ਪੰਜਾਬ ਮਸੱਲਿਆਂ ਤੇ ਇਕ ਮੁੱਠ ਹੁੰਦੇ ਤਾਂ ਪੰਜਾਬ ਦੀ ਨਾ ਤਾਂ ਵੰਡ ਹੁੰਦੀ ਨਾ ਹੀ ਇਹ ਛੋਟਾ ਹੁੰਦਾ ਤੇ ਨਾ ਹੀ ਇਸ ਦੀ ਰਾਜਧਾਨੀ 'ਚੰਡੀਗੜ੍ਹ' ਖੁੱਸਦੀ। ਇਸ ਦੇ ਜਿੰਮੇਵਾਰ ਅਸੀਂ ਖੁਦ 'ਪੰਜਾਬੀ' ਹੀ ਹਾਂ। ਦੁੱਖ ਦੀ ਗੱਲ ਹੈ ਕਿ ਹਾਲੇ ਵੀ ਪੰਜਾਬੀਆਂ ਨੇ ਬੀਤੇ ਸਮੇਂ ਤੋਂ ਕੁਝ ਨਹੀਂ ਸਿਖਿਆ। ਇਨਾਂ ਨੂੰ ਪੰਜਾਬ ਨਹੀਂ, ਬਲਕਿ ਗੱਦੀਆਂ, ਧੰਨ ਤੇ ਰਾਜਨੀਤਕ ਪਾਰਟੀਆਂ ਪਿਆਰੀਆਂ ਹਨ। ਜੇਕਰ ਪੰਜਾਬੀਆਂ ਨੇ ਸਿਆਣਪ ਤੋਂ ਕੰਮ ਨਾ ਲਿਆ ਤਾਂ ਉਹ ਦਿਨ ਵੀ ਦੂਰ ਨਹੀਂ ਜਦੋਂ ਭਾਜਪਾ ਸਰਕਾਰ ਜਿਸ ਦੇ ਅੱਗੇ ਪੰਜਾਬ ਪਿੱਛਲੇ ਕਾਫੀ ਸਮੇਂ ਤੋਂ ਰੜਕਦਾ ਆ ਰਿਹਾ ਹੈ ਕਿਉਂਕਿ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਿੱਚ ਵੱਡਾ ਰੋੜ੍ਹਾ ਸਿਰਫ ਪੰਜਾਬ ਤੇ ਪੰਜਾਬ ਦੇ ਵਾਸੀ ਹੀ ਰਹਿ ਗਏ ਹਨ। ਇਸ ਲਈ ਉਹ ਪੰਜਾਬੀਆਂ ਦੀ ਫੁੱਟ ਦਾ ਲਾਹਾ ਲੈ ਕੇ ਕਿਸੇ ਵੇਲੇ ਵੀ 'ਜੰਮੂ ਕਸ਼ਮੀਰ' ਦੀ ਤਰਾਂ 'ਪੰਜਾਬ' ਦਾ ਨਾਮੋ ਨਿਸ਼ਾਨ ਮਿਟਾ ਕੇ ਕੇਂਦਰ ਆਪਣੇ ਅਧੀਨ ਕਰ ਸਕਦਾ ਹੈ। ਕੁਝ ਹਿੰਦੂ ਸੰਗਠਨਾਂ ਨੇ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਸਿੱਖਾਂ ਦੇ ਸਰਬ ਉੱਚ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ) ਜਿਹੜਾ ਸਿੱਖਾਂ ਦਾ ਮੱਕਾ ਕਰਕੇ ਵੀ ਜਾਣਿਆ ਜਾਂਦਾ ਹੈ। ਉਸ ਨੂੰ ਹਿੰਦੂਆਂ ਦਾ ਵਿਸ਼ਨੂ ਦਾ ਮੰਦਰ ਕਿਹਾ ਜਾਣ ਲਗ ਪਿਆ ਹੈ। ਇਸ ਤੋਂ ਇਹ ਵੀ ਸਪਸ਼ਟ ਲਗਣ ਲੱਗ ਪਿਆ ਹੈ ਕਿ ਰ.ਸ.ਸ. ਦੀ ਭਾਜਪਾ ਸਰਕਾਰ ਕਿਸੇ ਸਮੇਂ ਵੀ ਬਾਬਰੀ ਮਸਜਿਦ ਦੀ ਤਰਾਂ ਇਸ ਸ੍ਰੀ ਹਰਿਮੰਦਰ ਸਾਹਿਬ ਤੇ ਵੀ ਜਬਰੀ ਕਬਜਾ ਕਰਨ ਦੀ ਯੋਜਨਾ ਬਣਾ ਲੈਣ। ਭਾਜਪਾ ਦਾ ਇਕੋ ਇਕ ਨਿਸ਼ਾਨਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ। ਜੇਕਰ ਭਾਜਪਾ ਤੇ ਰ.ਸ.ਸ. ਦੀਆਂ ਸ਼ਾਤਰ ਚਾਲਾਂ ਨੂੰ ਸਿੱਖ ਕੌਮ ਦੇ ਸਾਰੇ ਆਗੂਆਂ ਨੇ ਨਾ ਸਮਝਿਆ ਤਾਂ ਉਹ ਦਿਨ ਦੂਰ ਨਹੀਂ ਹੋਣਗੇ ਜਿਵੇਂ ਇਨਾਂ ਰ.ਸ.ਸ. ਤੇ ਭਾਜਪਾ ਵਾਲਿਆਂ ਨੇ ਮੁਸਲਮਾਨਾਂ ਨਾਲ ਕੀਤਾ ਹੈ ਉਹੋ ਕੁਝ ਸਿੱਖਾਂ ਨਾਲ ਜਿਨਾਂ ਦੀ ਗਿਣਤੀ ਮੁਸਲਮਾਨਾਂ ਤੋਂ ਦਸਵਾਂ ਹਿੱਸਾ ਹੈ। ਇਨਾਂ ਨਾਲ ਉਨਾਂ ਤੋਂ ਵੀ ਕਿਤੇ ਵਧੇਰੇ ਧੱਕਾ ਤੇ ਬੇਇਨਸਾਫੀ ਕਰ ਸਕਦੀ ਹੈ। ਜੇਕਰ ਸਿੱਖ ਕੌਮ ਦੇ ਸਾਰੇ ਅਕਾਲੀ ਦੱਲਾਂ ਦੇ ਆਗੂਆਂ ਨੇ ਤੇ ਹੋਰ ਸਿੱਖ ਜਥੇਬੰਦੀਆਂ ਇਕੱਠੀਆਂ ਨਾ ਹੋਈਆਂ ਤਾਂ ਇਸ ਦੇ ਨਤੀਜੇ ਪੰਜਾਬੀਆਂ ਤੇ ਸਿੱਖ ਕੌਮ ਲਈ ਬੜ੍ਹੇ ਮਾਰੂ ਸਾਬਿਤ ਹੋ ਸਕਦੇ ਹਨ। ਹਾਲ ਹੀ ਜੋ ਕੁਝ ਨਿਹੰਗਾਂ ਨਾਲ ਉਤਰਾਖੰਡ ਵਿੱਚ ਵਾਪਰਿਆ ਹੈ ਜੇਕਰ ਨਿਹੰਗ ਸਿੰਘ ਜਥੇਬੰਦੀਆਂ ਵਹੀਰਾਂ ਘੱਤ ਕੇ ਉਥੇ ਜਾਣੀਆਂ ਸ਼ੁਰੂ ਹੋਈਆਂ ਤਾਂ ਉਸ ਦੇ ਨਤੀਜੇ ਵੀ ਸਾਕਾਰਤਮਕ ਨਿਕਲੇ ਹੀ ਹਨ। ਉਤਰਾ ਖੰਡ ਸਰਕਾਰ ਨੂੰ ਨਿਹੰਗ ਸਿੰਘ ਛੱਡਣੇ ਪਏ ਹਨ। ਇਸੇ ਤਰਾਂ ਹੀ ਸ੍ਰੀ ਹਜੂਰ ਸਾਹਿਬ ਦੇ ਮਸੱਲੇ ਤੇ ਸਿੱਖ ਕੌਮ ਵਿੱਚ ਪੈਦਾ ਹੋਏ ਰੋਹ ਤੋਂ ਮਜਬੂਰ ਹੋ ਕੇ ਭਾਰਤ ਦੀ ਸਰਕਾਰ ਨੂੰ ਵਕਤੀ ਤੌਰਤੇ 1956 ਵਾਲੇ ਐਕਟ ਨੂੰ ਬਦਲਣ ਲਈ ਮਜਬੂਰ ਹੋਣਾ ਪਿਆ ਹੈ। ਭਾਜਪਾ ਨੇ ਇਹ ਅਨੁਭਵ ਕਰ ਲਿਆ ਸੀ ਜੇਕਰ ਉਸ ਨੇ ਸਿੱਖਾਂ ਤੇ ਇਹ ਐਕਟ ਜਬਰੀ ਠੋਸਿਆ ਗਿਆ ਤਾਂ ਉਸ ਨੂੰ ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਵਿੱਚ ਬੁਰੇ ਨਤੀਜੇ ਭੁਗਤਣੇ ਪੈ ਸਕਦੇ ਹਨ। ਪੰਜਾਬੀਆਂ ਤੇ ਸਿੱਖ ਕੌਮ ਨੇ ਜੇਕਰ ਆਪਣੀ ਹੋਂਦ ਤੇ ਪੰਜਾਬ ਨੂੰ ਬਚਾਉਣਾ ਹੈ ਤਾਂ ਉਸ ਦਾ ਇਕੋ ਇਕ ਰਸਤਾ ਹੈ ਸਾਰੇ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਨੂੰ ਚਾਹੇ ਉਸ ਦੀ ਪਾਰਟੀ ਜਾਂ ਸੋਚ ਕੋਈ ਵੀ ਹੋਵੇ ਸਭ ਨੂੰ ਆਪਣੇ ਭਿੰਨ ਭੇਦ ਗਿੱਲੇ ਸ਼ਿਕਵੇ ਭੁੱਲਾ ਕੇ ਪੰਜਾਬ ਨੂੰ ਬਚਾਉਣ ਲਈ ਇਕੱਠੇ ਹੋਣਾ ਪੈਣਾ ਹੈ। ਪਰ ਭਾਜਪਾ ਬੜੀ ਸ਼ਾਤਰ ਪਾਰਟੀ ਹੈ ਇਹ ਸੌਖੇ ਕੀਤੇ ਸਿੱਖਾਂ ਨੂੰ ਇਕੱਠਿਆਂ ਵੀ ਨਹੀਂ ਹੋਣ ਦੇਵੇਗੀ ਕਿਉਂ ਕਿ ਉਸ ਨੇ ਸਿੱਖਾਂ ਦੇ ਰੂਪ ਵਿੱਚ ਆਪਣੇ ਬੰਦੇ ਵੀ ਵਿੱਚ ਵਾੜ ਰੱਖੇ ਹਨ। ਸਿੱਖ ਕੌਮ ਨੂੰ ਇਸ ਤੇ ਵੀ ਸਖਤ ਪਹਿਰਾ ਦੇਣ ਦੀ ਲੋੜ੍ਹ ਹੈ। ਪੰਜਾਬ ਦੇ ਲੋਕ ਬੜੇ ਬਹਾਦਰ, ਦਲੇਰ ਅਤੇ ਤੀਖਣ ਬੁੱਧੀ ਦੀ ਸੋਚ ਦੇ ਮਾਲਕ ਹਨ ਉਹ ਆਪਣੀ ਏਕਤਾ ਬਣਾ ਕੇ ਭਾਜਪਾ ਤੇ ਰ.ਸ.ਸ. ਦੀ ਚਾਲ ਨੂੰ ਜੰਮੂ ਕਸ਼ਮੀਰ ਦੀ ਤਰ੍ਹਾਂ "ਪੰਜਾਬ" ਵਿੱਚ ਕਦੇ ਵੀ ਸਫਲ ਨਹੀਂ ਹੋਣ ਦੇਣਗੇ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਅਮਰੀਕੀ ਸੁਪਰੀਮ ਕੋਰਟ ਨੇ ਗਨ ਰਾਈਟਸ ਨੂੰ ਹੋਰ ਮਜ਼ਬੂਤ ਕੀਤਾ, ਹੋਰ ਹਥਿਆਰਾਂ ਨਾਲ ਜੁੜੇ ਕੇਸ ਸੁਣਨ ਦੇ ਸੰਕੇਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੀ ਸੁਪਰੀਮ ਕੋਰਟ ਨੇ ਦੂਜੇ ਸੰਵਿਧਾਨਕ ਸੋਧ ਤਹਿਤ ਹਥਿਆਰ ਰੱਖਣ ਅਤੇ ਨਾਲ ਲਿਜਾਣ ਦੇ ਅਧਿਕਾਰਾਂ ਨੂੰ ਹੋਰ ਮਜ਼ਬੂਤ ਕਰਨ ਵਾਲੇ ਦੋ ਅਹਿਮ ਫ਼ੈਸਲੇ ਸੁਣਾਏ ਹਨ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਫ਼ੈਸਲੇ ਭਵਿੱਖ ਵਿੱਚ ਗਨ ਕੰਟਰੋਲ ਕਾਨੂੰਨਾਂ ਲਈ ਹੋਰ ਸਖ਼ਤ ਕਾਨੂੰਨੀ ਕਸੌਟੀ ਤੈਅ ਕਰਨਗੇ ਅਤੇ ਰਾਜਾਂ ਲਈ ਨਵੇਂ ਗਨ ਕਾਨੂੰਨ ਬਣਾਉਣਾ ਪਹਿਲਾਂ ਨਾਲੋਂ ਵੱਧ ਮੁਸ਼ਕਲ ਹੋ ਸਕਦਾ ਹੈ।

ਵੀਰਵਾਰ ਨੂੰ 6-3 ਦੇ ਫ਼ੈਸਲੇ ਵਿੱਚ ਸੁਪਰੀਮ ਕੋਰਟ ਨੇ ਹਵਾਈ ਰਾਜ ਦਾ ਉਹ ਕਾਨੂੰਨ ਰੱਦ ਕਰ ਦਿੱਤਾ ਜਿਸ ਅਨੁਸਾਰ ਕਿਸੇ ਦੁਕਾਨ, ਹੋਟਲ, ਰੈਸਟੋਰੈਂਟ ਜਾਂ ਜਨਤਕ ਤੌਰ 'ਤੇ ਖੁੱਲ੍ਹੀ ਨਿੱਜੀ ਜਾਇਦਾਦ 'ਤੇ ਹੈਂਡਗਨ ਲੈ ਕੇ ਜਾਣ ਤੋਂ ਪਹਿਲਾਂ ਮਾਲਕ ਦੀ ਸਪੱਸ਼ਟ ਇਜਾਜ਼ਤ ਲੈਣੀ ਲਾਜ਼ਮੀ ਸੀ। ਬਹੁਮਤ ਵਾਲੇ ਜੱਜਾਂ ਨੇ ਕਿਹਾ ਕਿ ਇਹ ਸ਼ਰਤ ਦੂਜੇ ਸੰਵਿਧਾਨਕ ਸੋਧ ਦੇ ਅਧਿਕਾਰਾਂ ਨਾਲ ਮੇਲ ਨਹੀਂ ਖਾਂਦੀ।

ਇਸ ਤੋਂ ਇੱਕ ਹਫ਼ਤਾ ਪਹਿਲਾਂ ਸੁਪਰੀਮ ਕੋਰਟ ਨੇ ਸਰਬਸੰਮਤੀ ਨਾਲ ਇੱਕ ਹੋਰ ਫ਼ੈਸਲੇ ਵਿੱਚ 1968 ਦੇ ਸੰਘੀ ਕਾਨੂੰਨ ਦੀ ਸੀਮਿਤ ਵਿਆਖਿਆ ਕੀਤੀ, ਜਿਸ ਤਹਿਤ ਕੁਝ ਨਸ਼ੀਲੇ ਪਦਾਰਥ ਵਰਤਣ ਵਾਲਿਆਂ ਨੂੰ ਹਥਿਆਰ ਰੱਖਣ ਤੋਂ ਰੋਕਿਆ ਜਾਂਦਾ ਸੀ। ਅਦਾਲਤ ਨੇ ਕਿਹਾ ਕਿ ਕੇਵਲ ਮੈਰੀਜੁਆਨਾ ਵਰਤਣ ਦੇ ਆਧਾਰ 'ਤੇ ਹਰ ਵਿਅਕਤੀ ਤੋਂ ਹਥਿਆਰ ਰੱਖਣ ਦਾ ਅਧਿਕਾਰ ਨਹੀਂ ਖੋਹਿਆ ਜਾ ਸਕਦਾ। ਇਸ ਫ਼ੈਸਲੇ ਨਾਲ ਲੱਖਾਂ ਅਮਰੀਕੀ ਪ੍ਰਭਾਵਿਤ ਹੋ ਸਕਦੇ ਹਨ ਜੋ ਮੈਰੀਜੁਆਨਾ ਦੀ ਵਰਤੋਂ ਕਰਦੇ ਹਨ ਅਤੇ ਕਾਨੂੰਨੀ ਤੌਰ 'ਤੇ ਗਨ ਵੀ ਰੱਖਦੇ ਹਨ।




ਇਹ ਦੋਵੇਂ ਫ਼ੈਸਲੇ 2022 ਦੇ ਇਤਿਹਾਸਕ ਭਰੂਣ ਫ਼ੈਸਲੇ ਵਿੱਚ ਬਣਾਏ ਗਏ ਕਾਨੂੰਨੀ ਮਾਪਦੰਡ 'ਤੇ ਆਧਾਰਿਤ ਹਨ। ਉਸ ਫ਼ੈਸਲੇ ਅਨੁਸਾਰ ਕੋਈ ਵੀ ਗਨ ਕੰਟਰੋਲ ਕਾਨੂੰਨ ਤਦ ਹੀ ਸੰਵਿਧਾਨਕ ਮੰਨਿਆ ਜਾਵੇਗਾ ਜੇਕਰ ਉਹ ਅਮਰੀਕਾ ਦੀ ਇਤਿਹਾਸਕ ਹਥਿਆਰ ਨਿਯਮਾਵਲੀ ਦੀ ਪਰੰਪਰਾ ਨਾਲ ਮੇਲ ਖਾਂਦਾ ਹੋਵੇ। ਸਿਰਫ਼ ਇਹ ਦਲੀਲ ਕਿ ਕਾਨੂੰਨ ਜਨਤਕ ਸੁਰੱਖਿਆ ਲਈ ਹੈ, ਹੁਣ ਕਾਫ਼ੀ ਨਹੀਂ ਮੰਨੀ ਜਾਵੇਗੀ।

ਗਨ ਅਧਿਕਾਰਾਂ ਦੇ ਸਮਰਥਕ ਹੁਣ ਉਮੀਦ ਕਰ ਰਹੇ ਹਨ ਕਿ ਸੁਪਰੀਮ ਕੋਰਟ ਆਪਣੇ ਅਗਲੇ ਕਾਰਜਕਾਲ ਵਿੱਚ ਏਆਰ-15 ਅਸਾਲਟ-ਸਟਾਈਲ ਰਾਈਫ਼ਲਾਂ, ਵੱਡੀ ਸਮਰੱਥਾ ਵਾਲੀਆਂ ਮੈਗਜ਼ੀਨਾਂ ਅਤੇ 21 ਸਾਲ ਤੋਂ ਘੱਟ ਉਮਰ ਦੇ ਬਾਲਗਾਂ ਨੂੰ ਹੈਂਡਗਨ ਵੇਚਣ 'ਤੇ ਲੱਗੀਆਂ ਪਾਬੰਦੀਆਂ ਨਾਲ ਸੰਬੰਧਿਤ ਕੇਸ ਵੀ ਸੁਣੇਗੀ। ਇਹ ਅਪੀਲਾਂ ਇਸ ਸਮੇਂ ਅਦਾਲਤ ਦੇ ਵਿਚਾਰ ਅਧੀਨ ਹਨ ਅਤੇ ਜਲਦੀ ਹੀ ਇਹ ਤੈਅ ਹੋ ਸਕਦਾ ਹੈ ਕਿ ਉਨ੍ਹਾਂ ਦੀ ਸੁਣਵਾਈ ਹੋਵੇਗੀ ਜਾਂ ਨਹੀਂ।

ਗਨ ਰਾਈਟਸ ਸੰਸਥਾ Gun Owners of America ਨਾਲ ਜੁੜੇ ਵਕੀਲ ਸਟੀਫਨ ਸਟੈਂਬੂਲੀਹ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸੁਪਰੀਮ ਕੋਰਟ ਏਆਰ-15 ਰਾਈਫ਼ਲਾਂ ਅਤੇ ਮੈਗਜ਼ੀਨ ਪਾਬੰਦੀਆਂ ਬਾਰੇ ਵੀ ਸਪੱਸ਼ਟ ਫ਼ੈਸਲਾ ਦੇਵੇ ਅਤੇ ਹੇਠਲੀਆਂ ਅਦਾਲਤਾਂ ਨੂੰ ਆਪਣੇ ਪੁਰਾਣੇ ਫ਼ੈਸਲਿਆਂ ਦੀ ਪਾਲਣਾ ਕਰਨ ਲਈ ਮਜਬੂਰ ਕਰੇ।

ਦੂਜੇ ਪਾਸੇ, Pepperdine University ਦੇ ਕਾਨੂੰਨ ਪ੍ਰੋਫੈਸਰ ਜੈਕਬ ਚਾਰਲਜ਼ ਨੇ ਕਿਹਾ ਕਿ ਸੁਪਰੀਮ ਕੋਰਟ ਹੁਣ ਲਗਭਗ ਹਰ ਨਵੇਂ ਗਨ ਕਾਨੂੰਨ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੀ ਹੈ ਅਤੇ ਉਸ ਨੇ ਅਜਿਹਾ ਕਾਨੂੰਨੀ ਮਾਪਦੰਡ ਤਿਆਰ ਕਰ ਦਿੱਤਾ ਹੈ ਜਿਸ ਕਾਰਨ ਰਾਜਾਂ ਲਈ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਨਵੇਂ ਹਥਿਆਰ ਕਾਨੂੰਨ ਬਣਾਉਣਾ ਬਹੁਤ ਔਖਾ ਹੋ ਗਿਆ ਹੈ।

ਲਿਬਰਲ ਜਸਟਿਸ ਕੇਤਾਂਜੀ ਬਰਾਊਨ ਜੈਕਸਨ ਨੇ ਆਪਣੇ ਅਸਹਿਮਤੀ ਭਰੇ ਫ਼ੈਸਲੇ ਵਿੱਚ ਕਿਹਾ ਕਿ ਬਹੁਮਤ ਨੇ ਭਰੂਣ ਮਾਪਦੰਡ ਦੀ ਅਜਿਹੀ ਵਿਆਖਿਆ ਕੀਤੀ ਹੈ ਜਿਸ ਨਾਲ ਅਦਾਲਤਾਂ ਵਿਧਾਨ ਸਭਾਵਾਂ ਦੇ ਫ਼ੈਸਲਿਆਂ ਨੂੰ ਆਸਾਨੀ ਨਾਲ ਰੱਦ ਕਰ ਸਕਦੀਆਂ ਹਨ ਅਤੇ ਜਨਤਕ ਸੁਰੱਖਿਆ ਨਾਲੋਂ ਗਨ ਅਧਿਕਾਰਾਂ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ।

ਕਾਨੂੰਨੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇ ਸੁਪਰੀਮ ਕੋਰਟ ਅਗਲੇ ਕਾਰਜਕਾਲ ਵਿੱਚ ਏਆਰ-15 ਰਾਈਫ਼ਲਾਂ, ਵੱਡੀ ਸਮਰੱਥਾ ਵਾਲੀਆਂ ਮੈਗਜ਼ੀਨਾਂ ਅਤੇ ਹੋਰ ਗਨ ਪਾਬੰਦੀਆਂ ਨਾਲ ਜੁੜੇ ਕੇਸਾਂ ਦੀ ਸੁਣਵਾਈ ਕਰਦੀ ਹੈ, ਤਾਂ ਅਮਰੀਕਾ ਦੇ ਗਨ ਕਾਨੂੰਨਾਂ ਵਿੱਚ ਆਉਣ ਵਾਲੇ ਸਮੇਂ ਦੌਰਾਨ ਹੋਰ ਵੱਡੇ ਬਦਲਾਅ ਦੇਖਣ ਨੂੰ ਮਿਲ ਸਕਦੇ ਹਨ।

## SIR ਮੁਹਿੰਮ ਨੂੰ ਸਫਲ ਬਣਾਉਣ ਲਈ ਹਰ ਬੀਐਲਏ-2 ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਏ: ਵਿਸ਼ਨੂੰ ਸ਼ਰਮਾ

### ਪਟਿਆਲਾ ਕਾਂਗਰਸ ਵੱਲੋਂ ਬੀਐਲਏ-2 ਦੀ ਮੀਟਿੰਗ, SIR ਪ੍ਰਕਿਰਿਆ ਸਬੰਧੀ ਦਿੱਤੀ ਵਿਸਥਾਰਪੂਰਵਕ ਜਾਣਕਾਰੀ

ਪਟਿਆਲਾ
ਸਾਂਝੀ ਸੋਚ ਬਿਊਰੋ

ਅੱਜ ਪ੍ਰਭਾਤ ਪਰਵਾਣਾ ਹਾਲ, ਪਟਿਆਲਾ ਵਿਖੇ ਪਟਿਆਲਾ ਕਾਂਗਰਸ ਦੇ ਹਲਕਾ ਇੰਚਾਰਜ ਵਿਸ਼ਨੂੰ ਸ਼ਰਮਾ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ।

ਮੀਟਿੰਗ ਦਾ ਮੁੱਖ ਉਦੇਸ਼ 25 ਜੁਲਾਈ ਤੋਂ ਪੰਜਾਬ ਵਿੱਚ ਸ਼ੁਰੂ ਹੋਈ SIR ਪ੍ਰਕਿਰਿਆ ਸਬੰਧੀ ਬੀਐਲਏ-2 ਨੂੰ ਵਿਸਥਾਰਪੂਰਵਕ ਜਾਣਕਾਰੀ ਦੇਣਾ ਅਤੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਜਾਗਰੂਕ ਕਰਨਾ ਸੀ। ਇਸ ਮੌਕੇ ਪਟਿਆਲਾ ਕਾਂਗਰਸ ਦੇ ਪ੍ਰਧਾਨ ਨਰੇਸ਼ ਦੁੱਗਲ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਪਟਿਆਲਾ ਦੇ ਨਿਯੁਕਤ ਆਬਜ਼ਰਵਰ ਕੁਲਜੀਤ ਸਿੰਘ ਬੇਦੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਤੋਂ ਇਲਾਵਾ ਹਲਕੇ ਦੇ 182 ਬੀਐਲਏ-2 ਵੀ ਮੀਟਿੰਗ ਵਿੱਚ ਸ਼ਾਮਲ ਹੋਏ।



ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਸ਼ਨੂੰ ਸ਼ਰਮਾ, ਕੁਲਜੀਤ ਸਿੰਘ ਬੇਦੀ, ਨਰੇਸ਼ ਦੁੱਗਲ ਅਤੇ ਬੀਐਲਏ-1 ਸੁਰੇਸ਼ ਗੋਗੀਆਂ ਨੇ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਹਰ ਬੀਐਲਏ-2 ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਤਨਦੇਹੀ ਅਤੇ ਸੂਝਬੂਝ ਨਾਲ ਨਿਭਾਏ ਤਾਂ ਜੋ ਇਹ ਪ੍ਰਕਿਰਿਆ ਸਫਲਤਾਪੂਰਵਕ ਮੁਕੰਮਲ ਹੋ ਸਕੇ।

ਇਸ ਮੌਕੇ ਪਵਨ ਨਾਗਰਥ, ਗੁਰਦੇਵ ਪੂਨੀਆ, ਸਾਬਕਾ ਐਮ.ਸੀ ਸ਼ਾਰਦਾ ਦੇਵੀ, ਸੁਰਿੰਦਰਜੀਤ ਸਿੰਘ ਬਿੱਟੂ, ਬਲਾਕ ਪ੍ਰਧਾਨ ਦਿਨੇਸ਼ ਸ਼ਰਮਾ, ਕਰਨ ਗੌੜ, ਕੁਲਦੀਪ ਖੰਡੋਲੀ (ਉਪ ਪ੍ਰਧਾਨ, ਪਟਿਆਲਾ), ਨੀਰਜ ਮੰਡੋਰਾ , ਸੰਦੀਪ ਖੋਖਰ, ਸਮੀ, ਸੈਲੀ, ਆਰਤੀ ਭੱਟੀ, ਰਾਜ ਬਾਲਾ ਅਤੇ ਯੂਥ ਕਾਂਗਰਸ ਆਗੂ ਪਵਨ ਖੰਡੋਲੀ, ਸਿਵਾਨੀ ਕੇਸਪ, ਪ੍ਰਸ਼ਾਂਤ ਮੰਡੋਰਾ, ਮਨਪ੍ਰੀਤ ਸਿੰਘ ਅਤੇ ਗੌਤਮ ਮੰਡੋਰਾ ਵੀ ਹਾਜ਼ਰ ਰਹੇ।

## ਅਫਗਾਨਿਸਤਾਨ ਵਿੱਚ ਪਾਕਿਸਤਾਨੀ ਹਵਾਈ ਹਮਲਿਆਂ ਵਿੱਚ ਔਰਤਾਂ, ਬੱਚਿਆਂ ਸਮੇਤ ਦਰਜ਼ਨਾਂ ਲੋਕਾਂ ਦੀ ਮੌਤ

ਕਾਬੁਲ
ਸਾਂਝੀ ਸੋਚ ਬਿਊਰੋ

ਤਾਲਿਬਾਨ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਸੋਮਵਾਰ ਨੂੰ ਕਿਹਾ ਕਿ ਪਾਕਿਸਤਾਨੀ ਫੌਜ ਨੇ ਅਫਗਾਨਿਸਤਾਨ ਦੇ ਪਕਤਿਕਾ ਅਤੇ ਕੁਨਾਰ ਪ੍ਰਾਂਤਾਂ ਦੇ ਨਾਗਰਿਕ ਇਲਾਕਿਆਂ ਵਿੱਚ ਇੱਕ ਵਾਰ ਫਿਰ ਹਵਾਈ ਹਮਲੇ ਕੀਤੇ ਹਨ, ਜਿਸ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ ਦਰਜਨਾਂ ਨਾਗਰਿਕ ਮਾਰੇ ਗਏ ਅਤੇ ਜ਼ਖਮੀ ਹੋਏ ਹਨ। ਪਾਕਿਸਤਾਨੀ ਫੌਜਾਂ ਦੁਆਰਾ "ਕਾਇਰਤਾਪੂਰਨ ਹਮਲੇ" ਵਜੋਂ ਦਰਸਾਈ ਗਈ ਕਾਰਵਾਈ ਦੀ ਨਿੰਦਾ ਕਰਦੇ ਹੋਏ, ਮੁਜਾਹਿਦ ਨੇ ਕਿਹਾ ਕਿ ਇਹ ਹਮਲਾ ਐਤਵਾਰ ਰਾਤ ਨੂੰ ਪਕਤੀਆ ਦੇ ਗਯਾਨ ਅਤੇ ਤਸਮਕਾਨੀ ਜ਼ਿਲ੍ਹਿਆਂ ਅਤੇ ਕੁਨਾਰ ਦੇ ਮਨੋਗਾਈ ਜ਼ਿਲ੍ਹੇ ਵਿੱਚ ਹੋਇਆ। ਸੋਸ਼ਲ ਮੀਡੀਆ ਪਲੇਟਫਾਰਮ ਯ 'ਤੇ ਲੈ ਕੇ, ਤਾਲਿਬਾਨ ਦੇ ਬੁਲਾਰੇ ਨੇ ਕਿਹਾ, "ਬੀਤੀ ਰਾਤ, ਪਾਕਿਸਤਾਨੀ ਫੌਜ ਨੇ ਇੱਕ ਵਾਰ ਫਿਰ ਪਕਤਿਕਾ ਪ੍ਰਾਂਤ ਦੇ ਗਯਾਨ ਜ਼ਿਲ੍ਹੇ, ਪਕਤੀਆ ਪ੍ਰਾਂਤ ਦੇ ਤਸਮਕਾਨੀ ਜ਼ਿਲ੍ਹੇ



ਅਤੇ ਅਫਗਾਨਿਸਤਾਨ ਦੇ ਕੁਨਾਰ ਪ੍ਰਾਂਤ ਦੇ ਮਨੋਗਾਈ ਜ਼ਿਲ੍ਹੇ ਵਿੱਚ ਨਾਗਰਿਕ ਇਲਾਕਿਆਂ 'ਤੇ ਹਵਾਈ ਹਮਲੇ ਕੀਤੇ। ਹਮਲਿਆਂ ਦੇ ਨਤੀਜੇ ਵਜੋਂ ਔਰਤਾਂ ਅਤੇ ਬੱਚਿਆਂ ਸਮੇਤ ਦਰਜਨਾਂ ਨਾਗਰਿਕਾਂ ਦੀ ਮੌਤ ਅਤੇ ਜ਼ਖਮੀ ਹੋਏ। ਅਸੀਂ ਇਸ ਕਾਇਰਤਾਪੂਰਨ ਹਮਲੇ ਦੀ ਸਖ਼ਤ ਨਿੰਦਾ ਕਰਦੇ ਹਾਂ ਅਤੇ ਇਸਨੂੰ ਇੱਕ ਅਪਰਾਧ ਅਤੇ ਬੇਰਹਿਮੀ ਦਾ ਕੰਮ ਮੰਨਦੇ ਹਾਂ।" ਇਹ ਤਾਜ਼ਾ ਘਟਨਾ ਪਿਛਲੇ ਕੁਝ ਮਹੀਨਿਆਂ ਤੋਂ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਵਧਦੇ ਤਣਾਅ, ਵਾਰ-ਵਾਰ ਗੋਲੀਬਾਰੀ ਅਤੇ ਨਾਗਰਿਕਾਂ ਦੇ ਮਾਰੇ ਜਾਣ 'ਤੇ ਵਧਦੀਆਂ ਚਿੰਤਾਵਾਂ ਦੇ ਵਿਚਕਾਰ ਆਈ ਹੈ। ਇਸ ਦੌਰਾਨ, ਅਫਗਾਨਿਸਤਾਨ ਵਿੱਚ ਸਾਬਕਾ ਅਮਰੀਕੀ ਰਾਜਦੂਤ, ਜ਼ਾਲਮੇ ਖਲੀਲਜ਼ਾਦ ਨੇ ਹਮਲੇ ਦੀ ਸਖ਼ਤ ਨਿੰਦਾ ਕਰਦੇ ਹੋਏ ਕਿਹਾ ਕਿ ਪਾਕਿਸਤਾਨ ਨੇ ਇੱਕ ਵਾਰ ਫਿਰ ਗੱਲਬਾਤ ਲਈ ਵਾਰ-ਵਾਰ ਅੰਤਰਰਾਸ਼ਟਰੀ ਅਤੇ ਘਰੇਲੂ ਸੱਦਿਆਂ ਨੂੰ ਨਜ਼ਰਅੰਦਾਜ਼ ਕੀਤਾ ਹੈ, ਇਸ ਦੀ ਬਜਾਏ ਫੌਜੀ ਕਾਰਵਾਈ ਦੀ ਚੋਣ ਕੀਤੀ ਹੈ ਜਿਸ ਦੇ ਨਤੀਜੇ ਵਜੋਂ ਕਈ ਨਾਗਰਿਕ ਮਾਰੇ ਗਏ ਅਤੇ ਜ਼ਖਮੀ ਹੋਏ।

## ਵੈਨੇਜ਼ੁਏਲਾ ਵਿੱਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ ਹੋਈ 1,450

ਵੈਨੇਜ਼ੁਏਲਾ
ਸਾਂਝੀ ਸੋਚ ਬਿਊਰੋ

ਵੈਨੇਜ਼ੁਏਲਾ ਦੀ ਰਾਸ਼ਟਰੀ ਅਸੈਂਬਲੀ ਦੇ ਪ੍ਰਧਾਨ ਜੋਰਜ ਰੌਡਰਿਗਜ਼ ਨੇ ਕਿਹਾ ਕਿ ਬੁੱਧਵਾਰ ਨੂੰ ਵੈਨੇਜ਼ੁਏਲਾ ਵਿੱਚ ਆਏ ਦੋ ਸ਼ਕਤੀਸ਼ਾਲੀ ਭੂਚਾਲਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 1,450 ਹੋ ਗਈ ਹੈ। 7.2 ਅਤੇ 7.5 ਤੀਬਰਤਾ ਦੇ ਦੋ ਸ਼ਕਤੀਸ਼ਾਲੀ ਭੂਚਾਲਾਂ ਤੋਂ ਬਾਅਦ, ਵੈਨੇਜ਼ੁਏਲਾ ਵਿੱਚ 430 ਹਲਕੇ ਤੋਂ ਦਰਮਿਆਨੇ ਝਟਕੇ ਦਰਜ ਕੀਤੇ ਗਏ ਹਨ, ਰੋਡਰਿਗਜ਼ ਨੇ ਰਾਸ਼ਟਰੀ ਐਮਰਜੈਂਸੀ ਬਾਰੇ ਤਾਜ਼ਾ ਸਰਕਾਰੀ ਅਪਡੇਟ ਵਿੱਚ ਕਿਹਾ। ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ ਇਸ ਤੋਂ ਪਹਿਲਾਂ ਸ਼ਨੀਵਾਰ ਨੂੰ, ਉਨ੍ਹਾਂ ਨੇ ਸਰਕਾਰੀ ਟੈਲੀਵਿਜ਼ਨ 'ਤੇ ਕਿਹਾ ਸੀ ਕਿ 3,238 ਲੋਕ ਜ਼ਖਮੀ ਹੋਏ ਹਨ ਅਤੇ 3,142 ਪਰਿਵਾਰ ਇਸ ਆਫ਼ਤ ਤੋਂ ਪ੍ਰਭਾਵਿਤ ਹੋਏ ਹਨ। ਵੈਨੇਜ਼ੁਏਲਾ ਦੇ ਅਧਿਕਾਰੀਆਂ ਵੱਲੋਂ, ਰੌਡਰਿਗਜ਼ ਨੇ ਕੁਦਰਤੀ ਆਫ਼ਤ ਦੇ ਹਜ਼ਾਰਾਂ ਪੀੜਤਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਹਜ਼ਾਰਾਂ ਲੋਕ ਅਜੇ ਵੀ ਖੋਜ ਅਤੇ ਬਚਾਅ ਕਾਰਜਾਂ ਵਿੱਚ ਦਿਨ-ਰਾਤ ਕੰਮ ਕਰ ਰਹੇ ਹਨ।

ਇਸ ਦੌਰਾਨ, ਵੈਨੇਜ਼ੁਏਲਾ ਫਾਊਂਡੇਸ਼ਨ ਫਾਰ ਸੀਸਮੌਲੋਜੀਕਲ ਰਿਸਰਚ ਨੇ ਸ਼ਨੀਵਾਰ ਨੂੰ ਰਿਪੋਰਟ ਦਿੱਤੀ ਕਿ ਦੱਖਣੀ ਅਮਰੀਕੀ ਦੇਸ਼ ਦੇ ਕੇਂਦਰੀ ਖੇਤਰ ਵਿੱਚ 4.1 ਤੀਬਰਤਾ ਦਾ ਭੂਚਾਲ ਮਹਿਸੂਸ ਕੀਤਾ ਗਿਆ, ਜਿਸ ਨਾਲ ਇਸ ਹਫ਼ਤੇ ਦੇ ਸ਼ੁਰੂ ਵਿੱਚ ਦੋ ਵਿਨਾਸ਼ਕਾਰੀ ਭੂਚਾਲਾਂ ਤੋਂ ਬਾਅਦ ਪਹਿਲਾਂ ਹੀ ਕਿਨਾਰੇ 'ਤੇ ਮੌਜੂਦ ਆਬਾਦੀ ਨੂੰ ਹੋਰ ਵੀ ਬੇਚੈਨ ਕਰ ਦਿੱਤਾ ਗਿਆ। ਰਾਜ ਭੂਚਾਲ ਏਜੰਸੀ ਨੇ ਕਿਹਾ ਕਿ ਤਾਜ਼ਾ ਭੂਚਾਲ ਦਾ ਕੇਂਦਰ ਲਾ ਗੁਆਇਰਾ ਤੋਂ ਲਗਭਗ 35 ਕਿਲੋਮੀਟਰ ਪੱਛਮ ਵਿੱਚ ਸਥਿਤ ਸੀ, ਜੋ ਕਿ ਕੇਂਦਰੀ ਤੱਟ ਦੇ ਨਾਲ ਇੱਕ ਮੁੱਖ ਬੰਦਰਗਾਹ ਸ਼ਹਿਰ ਹੈ ਜਿਸਨੂੰ ਬੁੱਧਵਾਰ ਦੇ ਦੋ ਸ਼ਕਤੀਸ਼ਾਲੀ ਭੂਚਾਲਾਂ ਤੋਂ ਗੰਭੀਰ ਨੁਕਸਾਨ ਹੋਣ ਤੋਂ ਬਾਅਦ ਆਫ਼ਤ ਖੇਤਰ ਘੋਸ਼ਿਤ ਕੀਤਾ ਗਿਆ ਹੈ।

ਏਜੰਸੀ ਨੇ ਰਿਪੋਰਟ ਦਿੱਤੀ ਕਿ ਭੂਚਾਲ 5 ਕਿਲੋਮੀਟਰ ਦੀ ਘੱਟ ਡੂੰਘਾਈ 'ਤੇ ਆਇਆ, ਜੋ ਆਮ ਤੌਰ 'ਤੇ ਜ਼ਮੀਨ ਦੇ ਹਿੱਲਣ ਨੂੰ ਵਧਾਉਂਦਾ ਹੈ ਅਤੇ ਢਾਂਚਾਗਤ ਨੁਕਸਾਨ ਦੀ ਸੰਭਾਵਨਾ ਨੂੰ ਵਧਾਉਂਦਾ ਹੈ।

ਕਰਾਕਸ ਅਤੇ ਆਲੇ ਦੁਆਲੇ ਦੇ ਖੇਤਰਾਂ ਦੇ ਨਿਵਾਸੀਆਂ ਨੇ ਭੂਚਾਲ ਮਹਿਸੂਸ ਕਰਨ ਦੀ ਰਿਪੋਰਟ ਦਿੱਤੀ, ਬਹੁਤ ਸਾਰੇ ਲੋਕ ਹੋਰ ਢਹਿਣ ਦੇ ਡਰੋਂ ਇਮਾਰਤਾਂ ਤੋਂ ਬਾਹਰ ਭੱਜ ਰਹੇ ਸਨ।

ਇਹ ਭੂਚਾਲ ਬੁੱਧਵਾਰ ਨੂੰ ਦੋ ਮਹੱਤਵਪੂਰਨ ਭੂਚਾਲ ਦੀਆਂ ਘਟਨਾਵਾਂ ਦੁਆਰਾ ਪ੍ਰਭਾਵਿਤ ਹੋਣ ਤੋਂ ਕੁਝ ਦਿਨ ਬਾਅਦ ਆਇਆ ਹੈ ਜਿਸ ਵਿੱਚ ਢਹਿ-ਢੇਰੀ ਹੋਈਆਂ ਇਮਾਰਤਾਂ, ਜ਼ਮੀਨ ਖਿਸਕਣ ਅਤੇ ਜਾਨੀ ਨੁਕਸਾਨ ਸ਼ਾਮਲ ਹਨ। ਅਧਿਕਾਰੀ ਰਾਹਤ ਯਤਨਾਂ ਦਾ ਤਾਲਮੇਲ ਕਰਨ ਲਈ ਸੰਘਰਸ਼ ਕਰ ਰਹੇ ਹਨ, ਕਿਉਂਕਿ ਬਚਾਅ ਟੀਮਾਂ ਤੱਟਵਰਤੀ ਅਤੇ ਪਹਾੜੀ ਖੇਤਰਾਂ ਵਿੱਚ ਪ੍ਰਭਾਵਿਤ ਭਾਈਚਾਰਿਆਂ ਤੱਕ ਪਹੁੰਚਣ ਲਈ ਅਣਥੱਕ ਮਿਹਨਤ ਕਰਦੀਆਂ ਹਨ।





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ ਉਹ ਆਪਣਾ ਟਰੱਕ ਵੀ ਨਹੀਂ ਚਲਾ ਸਕਦੇ।

# ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

## ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

**Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ**

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner



# Happy Birthday America!

## Complimentary Event For You and Your Family On Saturday The 4th Of July

### "Under the Moonlight Ice Cream Social" 7pm-10pm held at the Gurdwara on the Hill

***We will not be using any fireworks but if you bring your binoculars and keen eyesight you will see the displays far in the distance which light up the sky!***


All have been through such great challenges in the past years. We sincerely care about everyone and understand the sacrifices which have been made by families. We continue to have a fully outdoor event where you can walk under the moonlit stars with your family and friends. Admission and food are free. It is an event of joy and celebration of how wonderful you are and our strong and noble country called America is! If you can, come on up and have complementary ice cream or fresh fruit and connect under the moonlit sky with those of all races and cultures in our wonderful Bay Area! It is a night of building family for all. We also will be serving complementary vegetarian meals to-go at the Langar (kitchen area). – Kirpal Atwal, *Gurdwara Director*



We embrace the values of our American heritage strongly! Values of justice, liberty, equality and the caring about others are enshrined in the Constitution and also form the cornerstone of our Sikh beliefs. We are the Sikh Americans and very proud to be a part of the United States of America and of course the wonderful Evergreen community!




The San Jose Gurdwara is open for you to visit 365 days of the year.
It is located all the way up Quimby Road on the hillside.
The Sikh religion reaches out to the less fortunate and donations are always welcome. You can find information at our website below.
The address is 3636 Gurdwara Avenue, San Jose, CA 95148
Gurdwara contact: Kirpal Atwal (408) 835-7712 | Website: sanjosegurdwara.org



ONLY WAY TO GROW YOUR BUSINESS FASTER

# BNG
(Business Network Gateway)

We work for you to
**Boost Your Business**

**VIDEO** ADVERTISEMENTS
We make professional video advertisements for your business in Punjabi, Hindi & English

**POSTERS DESIGN**
We design flyers, Posters and Post Cards to promote your business

BUSINESS CARD **DESIGN**
WE DESIGN YOUR BUSINESS CARD

SOCIAL MEDIA **HANDLERS**
We can manage your Business social media handlers Facebook, instagram & YouTube

24/7 TECH **SUPPORT**
We provide 24/7 tech support

For more information call
Boota Singh Basi +1 (209) 303-1260

# ਫਰਾਂਸ ਵਿੱਚ ਗਰਮੀ ਨੇ ਲਈ 1000 ਤੋਂ ਵੱਧ ਲੋਕਾਂ ਦੀ ਜਾਨ
## ਯੂਰਪ ਦੇ 16 ਦੇਸ਼ਾਂ ਵਿੱਚ ਤਾਪਮਾਨ ਨੇ ਤੋੜਿਆ ਰਿਕਾਰਡ

ਫਰਾਂਸ
ਸਾਂਝੀ ਸੋਚ ਬਿਊਰੋ



ਯੂਰਪ ਵਿੱਚ ਪੈ ਰਹੀ ਰਿਕਾਰਡਤੋੜ ਗਰਮੀ ਨੇ ਗੰਭੀਰ ਸਥਿਤੀ ਪੈਦਾ ਕਰ ਦਿੱਤੀ ਹੈ। ਫਰਾਂਸ ਦੀ ਜਨ ਸਿਹਤ ਏਜੰਸੀ ਮੁਤਾਬਕ 24 ਜੂਨ ਤੋਂ ਹੁਣ ਤੱਕ ਦੇਸ਼ ਵਿੱਚ 1,000 ਤੋਂ ਵੱਧ ਵਾਧੂ ਮੌਤਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਲਗਭਗ 85% ਮ੍ਰਿਤਕ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਨ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਗਿਣਤੀ ਹੋਰ ਵੱਧ ਸਕਦੀ ਹੈ। ਪਰ ਇਸ ਦੇ ਨਾਲ ਹੀ ਇਹ ਵੀ ਦੱਸ ਦਈਏ ਕਿ ਸਰਕਾਰ ਨੇ ਪਿਛਲੇ ਜਾਂ ਇਸ ਵਾਰ ਦੇ ਸਹੀ ਅੰਕੜੇ ਨਹੀਂ ਦਿੱਤੇ ਹਨ। ਪਰ ਕਿਹਾ ਹੈ ਕਿ ਜ਼ਿਆਦਾਤਰ ਮੌਤਾਂ ਘਰ ਵਿੱਚ ਹੋਈਆਂ।ਇਸ ਦੌਰਾਨ ਯੂਰਪ ਦੇ ਕਰੀਬ 16 ਦੇਸ਼ਾਂ ਵਿੱਚ ਤਾਪਮਾਨ ਦੇ ਨਵੇਂ ਰਿਕਾਰਡ ਬਣੇ ਹਨ। ਜਰਮਨੀ, ਚੈਕੀਆ, ਪੋਲੈਂਡ ਅਤੇ ਹੰਗਰੀ ਸਮੇਤ ਕਈ ਦੇਸ਼ਾਂ ਵਿੱਚ ਪਾਰਾ 40 ਡਿਗਰੀ ਸੈਲਸੀਅਸ ਤੋਂ ਉੱਪਰ ਪਹੁੰਚ ਗਿਆ, ਜਿਸ ਨਾਲ ਸਿਹਤ ਸੇਵਾਵਾਂ, ਆਵਾਜਾਈ ਅਤੇ ਬਿਜਲੀ ਪ੍ਰਣਾਲੀਆਂ 'ਤੇ ਭਾਰੀ ਦਬਾਅ ਪਿਆ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਯੂਰਪ ਦੇ ਇਤਿਹਾਸ ਦੀਆਂ ਸਭ ਤੋਂ ਭਿਆਨਕ ਗਰਮੀ ਵਿੱਚੋਂ ਇੱਕ ਹੈ ਅਤੇ ਜਲਵਾਯੂ ਪਰਿਵਰਤਨ ਕਾਰਨ ਅਜਿਹੀਆਂ ਅਤਿਅੰਤ ਗਰਮੀ ਦੀਆਂ ਘਟਨਾਵਾਂ ਦੀ ਸੰਭਾਵਨਾ ਕਾਫ਼ੀ ਵੱਧ ਗਈ ਹੈ।ਏਐਫਪੀ ਨਿਊਜ਼ ਏਜੰਸੀ ਦੇ ਅਨੁਮਾਨਾਂ ਅਨੁਸਾਰ ਯੂਰਪ ਦੇ ਲੋਕਾਂ ਨੂੰ 35 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਤਾਪਮਾਨ ਦਾ ਸਾਹਮਣਾ ਕਰਨਾ ਪੈ ਰਿਹਾ। ਸੜਕਾਂ ਪਿਘਲ ਰਹੀਆਂ ਹਨ, ਸਕੂਲ ਬੰਦ ਹੋ ਗਏ ਹਨ, ਅਤੇ ਕਿਤੇ-ਕਿਤੇ ਜੰਗਲਾਂ ਵਿੱਚ ਅੱਗ ਲੱਗ ਗਈ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਯੂਰਪ ਦਾ ਤਾਪਮਾਨ ਵਿਸ਼ਵ ਔਸਤ ਨਾਲੋਂ ਤੇਜ਼ੀ ਨਾਲ ਵੱਧ ਰਿਹਾ ਹੈ। ਭਵਿੱਖ ਵਿੱਚ, ਅਜਿਹੀਆਂ ਗਰਮੀ ਦੀਆਂ ਲਹਿਰਾਂ ਵਧੇਰੇ ਵਾਰ-ਵਾਰ ਆਉਣਗੀਆਂ ਅਤੇ ਲੰਬੇ ਸਮੇਂ ਤੱਕ ਰਹਿਣਗੀਆਂ।

# ਆਇਰਲੈਂਡ ਨੇ ਰਚਿਆ ਇਤਿਹਾਸ
## ਭਾਰਤ ਨੂੰ ਹਰਾ ਕੇ ਜਿੱਤੀ ਟੀ-20 ਸੀਰੀਜ਼



ਆਇਰਲੈਂਡ
ਸਾਂਝੀ ਸੋਚ ਬਿਊਰੋ

ਆਇਰਲੈਂਡ ਨੇ ਆਪਣੀ ਗੇਂਦਬਾਜ਼ੀ ਦੇ ਦਮ 'ਤੇ ਟੀ-20 ਦੇ ਦੂਜੇ ਰੋਮਾਂਚਕ ਮੈਚ ਵਿੱਚ ਭਾਰਤ ਨੂੰ ਇੱਕ ਦੌੜ ਨਾਲ ਹਰਾ ਦਿੱਤਾ ਹੈ।

ਇਸ ਦੇ ਨਾਲ ਹੀ ਆਇਰਲੈਂਡ ਨੇ ਦੋ ਮੈਚਾਂ ਦੀ ਲੜੀ ਵਿੱਚ ਟੀ-20 ਵਿਸ਼ਵ ਚੈਂਪੀਅਨ ਭਾਰਤ ਨੂੰ 2-0 ਨਾਲ ਹਰਾ ਕੇ ਜਿੱਤ ਲਈ ਹੈ। ਇਹ ਆਇਰਲੈਂਡ ਦੀ ਭਾਰਤ 'ਤੇ ਪਹਿਲੀ ਸੀਰੀਜ਼ ਜਿੱਤ ਹੈ।

ਪਹਿਲਾਂ ਬੱਲੇਬਾਜ਼ੀ ਕਰਦੇ ਹੋਏ, ਆਇਰਲੈਂਡ ਨੇ 20 ਓਵਰਾਂ ਵਿੱਚ ਅੱਠ ਵਿਕਟਾਂ 'ਤੇ 154 ਦੌੜਾਂ ਬਣਾਈਆਂ।

ਜਵਾਬ ਵਿੱਚ, ਭਾਰਤੀ ਟੀਮ 20 ਓਵਰਾਂ ਵਿੱਚ ਨੌਂ ਵਿਕਟਾਂ 'ਤੇ ਸਿਰਫ਼ 153 ਦੌੜਾਂ ਹੀ ਬਣਾ ਸਕੀ। ਇਹ ਸ਼੍ਰੇਅਸ ਅਈਅਰ ਦੀ ਕਪਤਾਨੀ ਹੇਠ ਭਾਰਤ ਦੀ ਪਹਿਲੀ ਸੀਰੀਜ਼ ਸੀ, ਅਤੇ ਭਾਰਤ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ ਹੈ।

ਦੂਜੇ ਟੀ-20 ਵਿੱਚ ਭਾਰਤ ਲਈ ਤਿਲਕ ਵਰਮਾ ਨੇ ਸਭ ਤੋਂ ਵੱਧ 55 ਦੌੜਾਂ ਬਣਾਈਆਂ, ਜਦੋਂ ਕਿ ਸ਼ਿਵਮ ਦੂਬੇ ਨੇ 20 ਦੌੜਾਂ ਬਣਾਈਆਂ। ਹਰਸ਼ਿਤ ਰਾਣਾ ਨੇ ਆਖਰੀ ਓਵਰ ਵਿੱਚ ਜ਼ੋਰਦਾਰ ਬੱਲੇਬਾਜ਼ੀ ਕੀਤੀ, ਆਪਣੀ ਟੀਮ ਨੂੰ ਜਿੱਤ ਵੱਲ ਲੈ ਜਾਣ ਦੀ ਕੋਸ਼ਿਸ਼ ਕੀਤੀ, ਪਰ ਆਖਰੀ ਓਵਰ ਦੀ ਪੰਜਵੀਂ ਗੇਂਦ 'ਤੇ ਆਪਣੀ ਵਿਕਟ ਗੁਆ ਦਿੱਤੀ।

ਹਰਸ਼ਿਤ 10 ਗੇਂਦਾਂ 'ਤੇ 21 ਦੌੜਾਂ ਬਣਾ ਕੇ ਆਊਟ ਹੋ ਗਿਆ, ਜਿਸ ਵਿੱਚ ਦੋ ਚੌਕੇ ਅਤੇ ਇੱਕ ਛੱਕਾ ਸ਼ਾਮਲ ਸੀ।

ਆਇਰਲੈਂਡ ਲਈ ਜੈ ਮੁੰਦਰਾ ਅਤੇ ਮੈਥਿਊ ਹੋਲਾਰਡ ਨੇ ਤਿੰਨ-ਤਿੰਨ ਵਿਕਟਾਂ ਲਈਆਂ, ਜਦੋਂ ਕਿ ਮੈਥਿਊ ਹੰਫਰੀ ਅਤੇ ਹੈਰੀ ਟੈਕਟਰ ਨੂੰ ਇੱਕ-ਇੱਕ ਵਿਕਟ ਮਿਲੀ।

# ਆਸਟ੍ਰੇਲੀਆ ਕੋਲੋਂ ਹਾਰ ਕੇ ਭਾਰਤੀ ਟੀਮ ਦਾ ਸਫ਼ਰ ਸਮਾਪਤ
## ਬਹੁਤ ਕੁਝ ਬਦਲਣ ਦੀ ਲੋੜ ਹੈ- ਹਰਮਨਪ੍ਰੀਤ

ਮੈਲਬੌਰਨ
ਸਾਂਝੀ ਸੋਚ ਬਿਊਰੋ

ਭਾਰਤੀ ਟੀਮ ਦਾ ਸਫ਼ਰ 2026 ਦੇ ਮਹਿਲਾ ਟੀ-20 ਵਿਸ਼ਵ ਕੱਪ ਦੇ ਗਰੁੱਪ ਪੜਾਅ ਵਿੱਚ ਹੀ ਖਤਮ ਹੋ ਗਿਆ ਹੈ। ਆਸਟ੍ਰੇਲੀਆ ਨੇ ਗਰੁੱਪ 1 ਦੇ ਮੈਚ ਵਿੱਚ ਭਾਰਤ ਨੂੰ ਛੇ ਵਿਕਟਾਂ ਨਾਲ ਹਰਾ ਕੇ ਵਰਲਡ ਕੱਪ 'ਚੋਂ ਬਾਹਰ ਕਰ ਦਿੱਤਾ ਹੈ।ਐਤਵਾਰ ਨੂੰ ਲਾਰਡਸ ਵਿੱਚ ਖੇਡੇ ਗਏ ਮੈਚ ਵਿੱਚ, ਭਾਰਤ ਨੇ 20 ਓਵਰਾਂ ਵਿੱਚ ਚਾਰ ਵਿਕਟਾਂ 'ਤੇ 170 ਦੌੜਾਂ ਬਣਾਈਆਂ, ਜਿਸ ਵਿੱਚ ਹਰਮਨਪ੍ਰੀਤ ਕੌਰ ਦੇ ਅਰਧ-ਸੈਂਕੜੇ ਦਾ ਸਾਥ ਮਿਲਿਆ ਅਤੇ ਟੀਮ ਨੇ ਇੱਕ ਚੰਗਾ ਸਕੋਰ ਖੜ੍ਹਾ ਕੀਤਾ। ਜਵਾਬ ਵਿੱਚ, ਆਸਟ੍ਰੇਲੀਆ ਨੇ 19 ਓਵਰਾਂ ਵਿੱਚ ਚਾਰ ਵਿਕਟਾਂ 'ਤੇ 172 ਦੌੜਾਂ ਬਣਾਈਆਂ ਅਤੇ ਮੈਚ ਜਿੱਤ ਲਿਆ।

ਆਸਟ੍ਰੇਲੀਆ ਲਈ ਐਲਿਸ ਪੈਰੀ ਅਤੇ ਐਸ਼ਲੇ ਗਾਰਡਨਰ ਨੇ ਅਰਧ-ਸੈਂਕੜੇ ਲਗਾਏ।ਮੈਚ ਤੋਂ ਬਾਅਦ, ਹਰਮਨਪ੍ਰੀਤ ਨੇ ਕਿਹਾ ਕਿ ਭਾਰਤ ਨੇ ਬੋਰਡ 'ਤੇ ਇੱਕ ਸਨਮਾਨਜਨਕ ਸਕੋਰ ਬਣਾਇਆ, ਪਰ ਇਹ ਜਿੱਤ ਲਈ ਕਾਫ਼ੀ ਨਹੀਂ ਸੀ। ਉਸਨੇ ਕਿਹਾ, "ਦਿਨ ਦੇ ਅੰਤ ਵਿੱਚ, ਅਸੀਂ ਇੱਕ ਚੰਗਾ ਸਕੋਰ ਬਣਾਇਆ। ਜਦੋਂ ਮੈਂ ਬੱਲੇਬਾਜ਼ੀ ਕਰ ਰਹੀ ਸੀ, ਤਾਂ ਮੈਨੂੰ ਲੱਗਾ ਕਿ ਅਸੀਂ ਥੋੜੇ ਪਿੱਛੇ ਹਾਂ, ਪਰ ਆਖਰੀ ਦੋ ਓਵਰਾਂ ਨੇ ਸਾਨੂੰ ਇੱਕ ਚੰਗੀ ਸਥਿਤੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਸੀ।"

ਉਸਨੇ ਮੰਨਿਆ ਕਿ ਭਾਰਤ ਨੇ ਪੂਰੇ ਟੂਰਨਾਮੈਂਟ ਦੌਰਾਨ ਵੱਡੀਆਂ ਟੀਮਾਂ ਵਿਰੁੱਧ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਨਹੀਂ ਕੀਤਾ। ਉਸਨੇ ਅੱਗੇ ਕਿਹਾ, "ਜੇ ਅਸੀਂ ਪੂਰੇ ਟੂਰਨਾਮੈਂਟ 'ਤੇ ਨਜ਼ਰ ਮਾਰੀਏ, ਤਾਂ ਅਸੀਂ ਚੰਗੀਆਂ ਟੀਮਾਂ ਵਿਰੁੱਧ ਚੰਗੀ ਕ੍ਰਿਕਟ ਨਹੀਂ ਖੇਡੀ। ਅਜਿਹੇ ਮੈਚਾਂ ਵਿੱਚ, ਤੁਹਾਨੂੰ ਆਪਣਾ ਸਭ ਤੋਂ ਵਧੀਆ ਦੇਣਾ ਪੈਂਦਾ ਹੈ। ਸਾਨੂੰ ਇਸ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ।"

# ਸਰਬੱਤ ਦਾ ਭਲਾ ਚੈਰੀਟੇਬਲ ਟਰਸਟ ਵੱਲੋਂ ਲੋੜਵੰਦ ਵਿਦਿਆਰਥੀ ਦੀ ਕੀਤੀ ਆਰਥਿਕ ਸਹਾਇਤਾ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਡਾਕਟਰ ਐਸਪੀ.ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਕਾਲਰਸ਼ਿਪ ਤਹਿਤ ਪੜ੍ਹਾਈ ਵਿੱਚ ਹੁਸ਼ਿਆਰ ਪਰ ਆਰਥਿਕ ਤੌਰ ਤੇ ਕਮਜੋਰ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਵੱਡੀ ਪੱਧਰ ਤੇ ਮੱਦਦ ਕੀਤੀ ਜਾਂ ਰਹੀ ਹੈ ਤਾਂ ਜੋ ਇਹ ਲੋੜਵੰਦ ਵੀ ਆਪਣੀ ਪੜ੍ਹਾਈ ਜਾਰੀ ਰੱਖ ਸਕਣ।ਅਰਵਿੰਦਪਾਲ ਸਿੰਘ ਚਾਹਲ ਬੂੜਾ ਗੁੱਜਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨੇ ਦੱਸਿਆ ਕਿ ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੋਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸ਼੍ਰੀ ਮੁਕਤਸਰ ਸਾਹਿਬ ਵਿਖੇ ਇੱਕ ਬਹੁਤ ਹੀ ਪੜ੍ਹਾਈ ਵਿਚ ਹੁਸ਼ਿਆਰ,ਪਰ ਆਰਥਿਕ ਤੌਰ ਤੇ ਕਮਜੋਰ ਵਿਦਿਆਰਥੀ ਨੂੰ ਪੜ੍ਹਾਈ ਜਾਰੀ ਰੱਖਣ ਲਈ ਅੱਠ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਅਤੇ ਅੱਗੇ ਤੋਂ ਵੀ ਮੱਦਦ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਵਿਦਿਆਰਥੀ ਦੇ ਪਿਤਾ ਦੀ ਅਚਨਚੇਤ ਮੋਤ ਹੋ ਜਾਣ ਕਾਰਨ ਪਰਿਵਾਰ ਬਹੁਤ ਹੀ ਮੁਸ਼ਕਲ ਦੀ ਘੜੀ ਵਿੱਚ ਸੀ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਵਿਦਿਆਰਥੀ ਵੱਲੋਂ ਡਾ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਮੈ ਪੜ੍ਹਾਈ ਜਾਰੀ ਰੱਖ ਕੇ ਆਪਣਾ ਪੜਨ ਦਾ ਸੁਪਨਾ ਪੂਰਾ ਕਰ ਸਕਾਂਗਾ। ਇਸ ਮੌਕੇ ਸਰਬਣ ਸਿੰਘ ਸਾਬਕਾ ਸਰਪੰਚ ਬੂੜਾ ਗੁੱਜਰ, ਬਲਵਿੰਦਰ ਸਿੰਘ ਬਰਾੜ ਰਿਟਾ ਪ੍ਰਿੰਸੀਪਲ, ਮਲਕੀਤ ਸਿੰਘ ਰਿਟਾ ਬੈਕ ਮੈਨੇਜਰ ਮੀਤ ਪ੍ਰਧਾਨ, ਜਸਬੀਰ ਸਿੰਘ ਰਿਟਾ ਏਐਸਆਈ, ਸੋਮ ਨਾਥ ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

Space available for Ad
Contact # +1 (209) 303-1260
Contact # +91 81463-20009




WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ ਸਿੱਖ ਵਿਧਾਇਕ ਅਤੇ ਮੰਤਰੀ,ਪੰਜਾਬ ਸਰਕਾਰ ਨੇ ਡੂੰਘੀ ਸ਼ਰਧਾ ਪ੍ਰਗਟਾਈ ਅਤੇ ਸੁਝਾਵਾਂ 'ਤੇ ਵਿਚਾਰ ਕਰਨ ਦਾ ਦਿੱਤਾ ਭਰੋਸਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਨਿਮਰਤਾ ਅਤੇ ਸ਼ਰਧਾ ਦੀ ਭਾਵਨਾ ਨਾਲ, ਪੰਜਾਬ ਦੇ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਨੇ ਸੋਮਵਾਰ ਨੂੰ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨੰਗੇ ਪੈਰੀਂ ਹਾਜ਼ਰੀ ਭਰੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿੱਖਾਂ ਦੀ ਸਰਵਉੱਚ ਸੰਸਥਾ ਪ੍ਰਤੀ ਆਪਣੀ ਡੂੰਘੀ ਸ਼ਰਧਾ ਨੂੰ ਦੁਹਰਾਇਆ ਅਤੇ ਕਿਹਾ ਕਿ ਪੰਜਾਬ ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਪੂਰੀ ਤਰ੍ਹਾਂ ਕਾਇਮ ਰੱਖਦੇ ਹੋਏ ਪ੍ਰਾਪਤ ਹੋਏ ਸੁਝਾਵਾਂ 'ਤੇ ਯੋਗ ਵਿਚਾਰ ਕਰੇਗੀ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਉਨ੍ਹਾਂ ਨੂੰ ਗੁਰੂ ਰਾਮਦਾਸ ਜੀ ਦਾ ਆਸ਼ੀਰਵਾਦ ਲੈਣ ਅਤੇ ਸਤਿਕਾਰਯੋਗ ਜਥੇਦਾਰ ਸਾਹਿਬ ਨਾਲ ਸਾਰਥਕ ਵਿਚਾਰ-ਵਟਾਂਦਰਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ, "ਮੈਂ ਖੁਸ਼ਕਿਸਮਤ ਸੀ ਕਿ ਮੈਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਅਤੇ ਉਸ ਤੋਂ ਪਹਿਲਾਂ ਜਥੇਦਾਰ ਸਾਹਿਬ ਦੇ ਸੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣ ਦਾ ਮੌਕਾ ਮਿਲਿਆ। ਪੰਜਾਬ ਦੇ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਦੇ ਨਾਲ, ਸਾਡੀ ਸਤਿਕਾਰਯੋਗ ਜਥੇਦਾਰ ਸਾਹਿਬ ਨਾਲ ਲੰਮੀ, ਸਾਰਥਕ ਅਤੇ ਉਸਾਰੂ ਚਰਚਾ ਹੋਈ। ਮੈਂ ਅਰਦਾਸ ਕਰਦਾ ਹਾਂ ਕਿ ਗੁਰੂ ਸਾਹਿਬ ਸਾਡੇ ਸਾਰਿਆਂ 'ਤੇ ਆਪਣੀ ਮਿਹਰ ਭਰਿਆ ਹੱਥ ਰੱਖਣ।"

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਰਵਉੱਚ ਸਤਿਕਾਰ 'ਤੇ ਜ਼ੋਰ ਦਿੰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, "ਸ੍ਰੀ ਅਕਾਲ ਤਖ਼ਤ ਸਾਹਿਬ ਇੱਕ ਪਵਿੱਤਰ ਸੰਸਥਾ ਹੈ ਜੋ ਪੰਜਾਬ ਦੇ ਲੋਕਾਂ ਦੇ ਨਾਲ-ਨਾਲ ਪੰਜਾਬ ਸਰਕਾਰ ਦੇ ਦਿਲਾਂ ਵਿੱਚ ਵੀ ਬਹੁਤ ਸਤਿਕਾਰ ਰੱਖਦੀ ਹੈ। ਅਸੀਂ ਜਥੇਦਾਰ ਸਾਹਿਬ, ਇਸ ਸੰਸਥਾ, ਸਿੱਖ ਪੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਵਉੱਚ ਸਤਿਕਾਰ ਕਰਦੇ ਹਾਂ।"

ਉਨ੍ਹਾਂ ਕਿਹਾ ਕਿ ਸੰਸਥਾ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਹੋਏ ਵਿਚਾਰ-ਵਟਾਂਦਰੇ ਦੇ ਵੇਰਵਿਆਂ ਨੂੰ ਜਨਤਕ ਕਰਨਾ ਉਚਿਤ ਨਹੀਂ ਹੋਵੇਗਾ। ਉਨ੍ਹਾਂ ਅੱਗੇ ਕਿਹਾ, "ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰੇ ਗਏ ਮਾਮਲਿਆਂ ਤੋਂ ਸਰਕਾਰ ਨੂੰ ਯੋਗ ਵਿਚਾਰ ਵਾਸਤੇ ਜਾਣੂ ਕਰਵਾਇਆ ਜਾਵੇਗਾ। ਹਾਲਾਂਕਿ, ਇਸ ਪਵਿੱਤਰ ਸੰਸਥਾ ਦੀ ਮਰਿਆਦਾ ਅਤੇ ਸਤਿਕਾਰ ਨੂੰ ਮੁੱਖ ਰੱਖਦੇ ਹੋਏ, ਚਰਚਾ ਦੇ ਵੇਰਵਿਆਂ ਵਿੱਚ ਜਾਣਾ ਠੀਕ ਨਹੀਂ ਹੋਵੇਗਾ।"



ਇਸ ਦੌਰਾਨ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਪੰਜਾਬ ਸਰਕਾਰ ਨੂੰ ਪ੍ਰਸਤਾਵਿਤ ਸੋਧਾਂ ਅਤੇ ਸੁਝਾਵਾਂ ਦੀ ਪੜਚੋਲ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਸੋਧਾਂ ਅਤੇ ਸਿਫ਼ਾਰਸ਼ਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਹੀਂ ਰਸਮੀ ਤੌਰ 'ਤੇ ਸਾਰਿਆਂ ਨਾਲ ਸਾਂਝੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ, "ਇੱਕ ਵਾਰ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਸਤਾਵਿਤ ਸੋਧਾਂ ਪ੍ਰਾਪਤ ਹੋ ਜਾਣਗੀਆਂ, ਤਾਂ ਸਰਕਾਰ ਉਨ੍ਹਾਂ ਦੀ ਵਿਸਥਾਰਪੂਰਵਕ ਸਮੀਖਿਆ ਕਰੇਗੀ ਅਤੇ ਬਣਦੀ ਵਿਚਾਰ-ਚਰਚਾ ਤੋਂ ਬਾਅਦ ਢੁਕਵਾਂ ਫੈਸਲਾ ਲਵੇਗੀ।"

# ਭਾਰਤੀ ਫੌਜ ਦੀ ਅਸਾਮ ਰੈਜੀਮੈਂਟ ਅਤੇ ਭਾਰਤੀ ਜਲ ਸੈਨਾ ਦੀਆਂ ਟੁਕੜੀਆਂ ਨੇ ਸੇਸ਼ੇਲਸ ਦੇ ਰਾਸ਼ਟਰੀ ਦਿਵਸ ਸਮਾਰੋਹ ਵਿੱਚ ਲਿਆ ਹਿੱਸਾ

ਵਿਕਟੋਰੀਆ
ਸਾਂਝੀ ਸੋਚ ਬਿਊਰੋ

ਭਾਰਤੀ ਫੌਜ ਦੀ ਅਸਾਮ ਰੈਜੀਮੈਂਟ, ਭਾਰਤੀ ਜਲ ਸੈਨਾ ਅਤੇ ਇੱਕ ਭਾਰਤੀ ਜਲ ਸੈਨਾ ਮਾਰਚਿੰਗ ਬੈਂਡ ਦੇ ਜਵਾਨਾਂ ਵਾਲੀ ਭਾਰਤੀ ਟੁਕੜੀ ਨੇ ਸੇਸ਼ੇਲਸ ਦੇ ਰਾਸ਼ਟਰੀ ਦਿਵਸ ਜਸ਼ਨਾਂ ਵਿੱਚ ਹਿੱਸਾ ਲਿਆ, ਜੋ ਦੋਵਾਂ ਦੇਸ਼ਾਂ ਵਿਚਕਾਰ ਲੰਬੇ ਸਮੇਂ ਤੋਂ ਚੱਲੀ ਆ ਰਹੀ ਰੱਖਿਆ ਭਾਈਵਾਲੀ ਨੂੰ ਦਰਸਾਉਂਦਾ ਹੈ।ਸੇਸ਼ੇਲਸ ਦੇ ਰਾਸ਼ਟਰੀ ਦਿਵਸ ਜਸ਼ਨ ਐਤਵਾਰ ਨੂੰ ਆਯੋਜਿਤ ਕੀਤੇ ਗਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੀਪ ਸਮੂਹ ਟਾਪੂ ਦੀ ਆਪਣੀ ਸਰਕਾਰੀ ਫੇਰੀ ਦੌਰਾਨ ਇਸ ਸਮਾਗਮ ਵਿੱਚ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਐਕਸ ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਅਸਾਮ ਰੈਜੀਮੈਂਟ ਅਤੇ ਭਾਰਤੀ ਜਲ ਸੈਨਾ ਦੇ ਟੁਕੜੀਆਂ ਨੇ ਕੱਲ੍ਹ ਸੇਸ਼ੇਲਸ ਦੇ ਰਾਸ਼ਟਰੀ ਦਿਵਸ ਜਸ਼ਨਾਂ ਵਿੱਚ ਹਿੱਸਾ ਲਿਆ। ਇਹ ਭਾਰਤ ਅਤੇ ਸੇਸ਼ੇਲਸ ਵਿਚਕਾਰ ਸਥਾਈ ਦੋਸਤੀ ਦਾ ਇੱਕ ਹੋਰ ਪ੍ਰਤੀਬਿੰਬ ਸੀ।"

ਮਾਰਚਿੰਗ ਟੁਕੜੀਆਂ ਦੇ ਰਸਮੀ ਮੰਚ ਤੋਂ ਲੰਘਦੇ ਹੀ ਪ੍ਰਧਾਨ ਮੰਤਰੀ ਸਨਮਾਨ ਵਿੱਚ ਖੜ੍ਹੇ ਹੋ ਗਏ। ਵਿਦੇਸ਼ ਮੰਤਰਾਲੇ ਦੇ ਅਨੁਸਾਰ, ਜਸ਼ਨਾਂ ਦੇ ਹਿੱਸੇ ਵਜੋਂ ਅਤੇ ਸਥਾਪਿਤ ਪਰੰਪਰਾ ਨੂੰ ਧਿਆਨ ਵਿੱਚ ਰੱਖਦੇ ਹੋਏ, ਭਾਰਤੀ ਜਲ ਸੈਨਾ ਦੇ ਜਹਾਜ਼ ਤਰਕਸ਼ ਅਤੇ ਇਕਸ਼ਕ 26 ਜੂਨ ਨੂੰ ਪੋਰਟ ਵਿਕਟੋਰੀਆ ਵਿਖੇ ਡੌਕ ਕੀਤੇ ਗਏ।

ਭਾਰਤੀ ਜਲ ਸੈਨਾ ਦਾ ਇੱਕ ਫਰੰਟਲਾਈਨ ਜੰਗੀ ਜਹਾਜ਼, ਆਈਐਨਐਸ ਤਰਕਸ਼, ਇਸ ਸਮੇਂ ਦੱਖਣ-ਪੱਛਮੀ ਹਿੰਦ ਮਹਾਸਾਗਰ ਵਿੱਚ ਇੱਕ ਚੱਲ ਰਹੀ ਕਾਰਜਸ਼ੀਲ ਤਾਇਨਾਤੀ 'ਤੇ ਹੈ।



ਇਸ ਦੌਰਾਨ ਆਈਐਨਐਸ ਇਕਸ਼ਕ ਭਾਰਤੀ ਜਲ ਸੈਨਾ ਦਾ ਸਵਦੇਸ਼ੀ ਤੌਰ 'ਤੇ ਡਿਜ਼ਾਈਨ ਕੀਤਾ ਗਿਆ ਅਤੇ ਬਣਾਇਆ ਗਿਆ ਸਰਵੇਖਣ ਜਹਾਜ਼ ਹੈ। ਇਹ ਜਹਾਜ਼ ਸੇਸ਼ੇਲਸ ਰੱਖਿਆ ਬਲਾਂ ਨਾਲ ਵੀ ਭਾਈਚਾਰਕ ਪਹੁੰਚ ਗਤੀਵਿਧੀਆਂ ਕਰਨ ਲਈ ਜੁੜੇਗਾ।ਭਾਰਤੀ ਜਲ ਸੈਨਾ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਤਾਇਨਾਤੀ ਮਹਾਸਾਗਰ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਸਮੁੰਦਰੀ ਸਹਿਯੋਗ ਅਤੇ ਖੇਤਰੀ ਸੁਰੱਖਿਆ ਪ੍ਰਤੀ ਭਾਰਤ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਹੈ ਕਿ ਸੇਸ਼ੇਲਸ ਦੇ ਰਾਸ਼ਟਰੀ ਦਿਵਸ ਸਮਾਰੋਹ ਪਿਛਲੇ ਪੰਜਾਹ ਸਾਲਾਂ ਵਿੱਚ ਸੇਸ਼ੇਲੋਇਸ ਲੋਕਾਂ ਦੀ ਸ਼ਾਨਦਾਰ ਯਾਤਰਾ ਦਾ ਸਨਮਾਨ ਕਰਦੇ ਹਨ ਅਤੇ ਪੂਰਬੀ ਅਫਰੀਕੀ ਰਾਸ਼ਟਰ ਨੂੰ ਇਸਦੀ ਵਿਕਾਸ ਯਾਤਰਾ ਵਿੱਚ ਸਮਰਥਨ ਕਰਨ ਲਈ ਭਾਰਤ ਦੀ ਵਚਨਬੱਧਤਾ ਦੀ ਵੀ ਪੁਸ਼ਟੀ ਕਰਦੇ ਹਨ।ਐਕਸ 'ਤੇ ਇੱਕ ਪੋਸਟ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਦੇਸ਼ ਦੀ ਆਜ਼ਾਦੀ ਦੀ ਗੋਲਡਨ ਜੁਬਲੀ ਨੂੰ ਮਨਾਉਣ ਵਾਲੇ ਸੇਸ਼ੇਲਸ ਦੇ ਰਾਸ਼ਟਰੀ ਦਿਵਸ ਸਮਾਰੋਹ ਵਿੱਚ ਹਿੱਸਾ ਲੈਣ ਦਾ ਮਾਣ ਮਹਿਸੂਸ ਹੋ ਰਿਹਾ ਹੈ। ਇਹ ਮੌਕਾ ਪਿਛਲੇ ਪੰਜਾਹ ਸਾਲਾਂ ਵਿੱਚ ਸੇਸ਼ੇਲਸ ਦੇ ਲੋਕਾਂ ਦੀ ਸ਼ਾਨਦਾਰ ਯਾਤਰਾ ਲਈ ਇੱਕ ਢੁਕਵੀਂ ਸ਼ਰਧਾਂਜਲੀ ਸੀ।ਸੇਸ਼ੇਲਸ ਦੇ ਸੈਨਿਕ ਆਪਣੇ ਰਾਸ਼ਟਰੀ ਝੰਡੇ ਲੈ ਕੇ ਹਵਾਈ ਜਹਾਜ਼ ਤੋਂ ਪੈਰਾਸ਼ੂਟ ਕਰਕੇ ਸਥਾਨ 'ਤੇ ਪਹੁੰਚੇ, ਜਦੋਂ ਕਿ ਲੋਕਾਂ ਨੇ ਦੇਸ਼ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਦਾ ਜਸ਼ਨ ਮਨਾਉਂਦੇ ਹੋਏ ਉਤਸ਼ਾਹ ਨਾਲ ਤਾੜੀਆਂ ਵਜਾਈਆਂ। ਵਿਦੇਸ਼ ਮੰਤਰੀ ਐਸ. ਜੈਸ਼ੰਕਰ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ, ਨਵੀਨਚੰਦਰ ਰਾਮਗੁਲਾਮ, ਵੀ ਇਸ ਸਮਾਗਮ ਵਿੱਚ ਮੌਜੂਦ ਸਨ।

ਪ੍ਰਧਾਨ ਮੰਤਰੀ ਮੋਦੀ ਸ਼ਨੀਵਾਰ ਨੂੰ ਸੇਸ਼ੇਲਸ ਦੇ ਰਾਸ਼ਟਰਪਤੀ, ਪੈਟ੍ਰਿਕ ਹਰਮਿਨੀ ਦੇ ਸੱਦੇ 'ਤੇ ਸੇਸ਼ੇਲਸ ਪਹੁੰਚੇ। ਐਤਵਾਰ ਨੂੰ, ਉਨ੍ਹਾਂ ਨੂੰ 'ਗਾਰਡੀਅਨ ਆਫ਼ ਦ ਬਲੂ ਹੋਰਾਈਜ਼ਨ' ਨਾਲ ਸਨਮਾਨਿਤ ਕੀਤਾ ਗਿਆ, ਜੋ ਕਿ ਵਾਤਾਵਰਣ ਸੰਭਾਲ ਅਤੇ ਟਿਕਾਊ ਵਿਕਾਸ ਵਿੱਚ ਅਗਵਾਈ ਲਈ ਸੇਸ਼ੇਲਸ ਦਾ ਸਭ ਤੋਂ ਵੱਡਾ ਸਨਮਾਨ ਹੈ।ਵਿਦੇਸ਼ ਮੰਤਰਾਲੇ ਦੇ ਅਨੁਸਾਰ, ਭਾਰਤ ਅਤੇ ਸੇਸ਼ੇਲਸ ਸਾਂਝੇ ਇਤਿਹਾਸਕ, ਸੱਭਿਆਚਾਰਕ ਅਤੇ ਲੋਕਾਂ-ਤੋਂ-ਲੋਕ ਸਬੰਧਾਂ ਵਿੱਚ ਜੜ੍ਹਾਂ ਵਾਲੀ ਇੱਕ ਲੰਬੇ ਸਮੇਂ ਤੋਂ ਚੱਲੀ ਆ ਰਹੀ ਭਾਈਵਾਲੀ ਨੂੰ ਸਾਂਝਾ ਕਰਦੇ ਹਨ।ਹਿੰਦ ਮਹਾਸਾਗਰ ਖੇਤਰ ਵਿੱਚ ਇੱਕ ਮੁੱਖ ਸਮੁੰਦਰੀ ਗੁਆਂਢੀ ਹੋਣ ਦੇ ਨਾਤੇ, ਸੇਸ਼ੇਲਸ ਭਾਰਤ ਦੇ ਵਿਜ਼ਨ 'ਮਹਾਸਾਗਰ' (ਖੇਤਰਾਂ ਵਿੱਚ ਸੁਰੱਖਿਆ ਅਤੇ ਵਿਕਾਸ ਲਈ ਆਪਸੀ ਅਤੇ ਸੰਪੂਰਨ ਤਰੱਕੀ) ਅਤੇ ਗਲੋਬਲ ਦੱਖਣ ਪ੍ਰਤੀ ਸਾਡੀ ਵਚਨਬੱਧਤਾ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ "ਇਹ ਦੌਰਾ ਭਾਰਤ ਅਤੇ ਸੇਸ਼ੇਲਸ ਵਿਚਕਾਰ ਮਜ਼ਬੂਤ ਅਤੇ ਸਥਾਈ ਦੋਸਤੀ ਦੀ ਪੁਸ਼ਟੀ ਕਰੇਗਾ ਅਤੇ ਸਾਰੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਵਧਾਉਣ ਲਈ ਦੋਵਾਂ ਦੇਸ਼ਾਂ ਦੀ ਸਾਂਝੀ ਵਚਨਬੱਧਤਾ ਨੂੰ ਮਜ਼ਬੂਤ ਕਰੇਗਾ,"।

# ਅਮਰੀਕਾ ਦੇ ਦਰਵਾਜ਼ੇ ਸ਼ਰਣ ਮੰਗਣ ਵਾਲਿਆਂ ਲਈ ਹੋਏ ਬੰਦ- ਟਰੰਪ ਪ੍ਰਸ਼ਾਸਨ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਸ਼ਰਣ ਮੰਗਣ ਵਾਲਿਆਂ ਲਈ ਅਮਰੀਕਾ ਦੇ ਦਰਵਾਜ਼ੇ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਕਰ ਦਿੱਤੇ ਹਨ ਜਦ ਕਿ ਉਹ ਦੇਸ਼ ਨਿਕਾਲੇ ਦਾ ਵਿਸਤਾਰ ਜਾਰੀ ਰੱਖੇਗਾ। ਵਾਈਟ ਹਾਊਸ ਦੇ ਡਿਪਟੀ ਚੀਫ਼ ਆਫ਼ ਸਟਾਫ਼ ਸਟੀਫਨ ਮਿਲਰ ਨੇ ਪ੍ਰਸ਼ਾਸਨ ਦੇ ਸਖ਼ਤ ਇਮੀਗ੍ਰੇਸ਼ਨ ਏਜੰਡੇ ਦਾ ਖੁਲਾਸਾ ਕਰਦਿਆਂ ਕਿਹਾ ਕਿ ਇਸ ਨਾਲ ਅਮਰੀਕਾ ਵਿੱਚ ਸੁਰੱਖਿਆ ਮੰਗਣ ਵਾਲੇ ਲੋਕ ਪ੍ਰਭਾਵਿਤ ਹੋ ਸਕਦੇ ਹਨ। ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਮਿਲਰ ਨੇ ਕਿਹਾ ਕਿ ਪ੍ਰਸ਼ਾਸਨ ਨੇ ਸ਼ਰਣ ਮੰਗਣ ਵਾਲੇ ਲੋਕਾਂ ਨੂੰ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਦੇਣ ਦੀ ਬਜਾਏ ਦੂਜੇ ਦੇਸ਼ਾਂ ਨਾਲ ਆਪਣੇ ਲੋਕਾਂ ਨੂੰ ਵਾਪਿਸ ਲੈਣ ਲਈ ਸਮਝੌਤੇ ਕੀਤੇ ਹਨ । ਮਿਲਰ ਨੇ ਕਿਹਾ ਕਿ ਅਮਰੀਕਾ ਦੇ ਦਰਵਾਜ਼ੇ ਸ਼ਰਣ ਮੰਗਣ ਵਾਲਿਆਂ ਲਈ ਪੂਰੀ ਤਰਾਂ ਬੰਦ ਹਨ ਤੇ ਜੇਕਰ ਕੋਈ ਸ਼ਰਣ ਚਹੁੰਦਾ ਹੈ ਤਾਂ ਉਸ ਲਈ ਅਸੀਂ ਦੁਨੀਆ ਵਿੱਚ ਕਿਤੇ ਹੋਰ ਕੋਈ ਦੇਸ਼ ਲੱਭਾਂਗੇ। ਮਿਲਰ ਨੇ ਪ੍ਰਸ਼ਾਸਨ ਦੀ ਵਿਆਪਕ ਇਮੀਗ੍ਰੇਸ਼ਨ ਨੀਤੀ ਦਾ ਪੱਖ ਪੂਰਦੇ ਹੋਏ ਕਿਹਾ ਕਿ ਗੈਰ-ਕਾਨੂੰਨੀ ਪ੍ਰਵਾਸ ਨੂੰ ਖਤਮ ਕਰਨਾ ਸਭ ਤੋਂ ਵਧ ਮਾਨਵਤਾਵਾਦੀ ਪਹੁੰਚ ਹੈ ਕਿਉਂਕਿ ਇਹ ਪ੍ਰਵਾਸੀ ਤਸਕਰੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਨੁੱਖੀ ਤਸਕਰੀ ਵਿੱਚ ਸ਼ਾਮਲ ਅੰਤਰਰਾਸ਼ਟਰੀ ਅਪਰਾਧਿਕ ਸੰਗਠਨਾਂ ਨੂੰ ਰੋਕਦੀ ਹੈ। ''ਸਭ ਤੋਂ ਮਾਨਵਤਾਵਾਦੀ ਚੀਜ਼ ਜੋ ਅਸੀਂ ਕਰ ਸਕਦੇ ਹਾਂ ਉਹ ਹੈ ਜੋ ਅਸੀਂ ਕਰ ਰਹੇ ਹਾਂ ਅਤੇ ਕੀਤਾ ਹੈ, ਜੋ ਕਿ ਗੈਰ-ਕਾਨੂੰਨੀ ਪ੍ਰਵਾਸ ਨੂੰ ਖਤਮ ਕਰਨਾ ਹੈ'' ਮਿਲਰ ਨੇ ਕਿਹਾ। ਉਨਾਂ ਕਿਹਾ ਕਿ ਸ਼ਰਣ ਮੰਗਣ ਵਾਲੇ ਅਸਲ ਵਿਚ ਆਰਥਿਕ ਪ੍ਰਵਾਸੀ ਹਨ ਨਾ ਕਿ ਉਹ ਜ਼ੁਲਮਾਂ ਤੋਂ ਸਤਾਏ ਹੋਏ ਲੋਕ ਹਨ।







## ਗੁਰਦੁਆਰਾ ਸਾਹਿਬ ਸੈਨ ਹੋਜ਼ੇ

# ਜੂਨ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**JUNE 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਕਰਵਾਇਆ ਜਾ ਰਿਹਾ ਵਿਸ਼ਾਲ ਗੁਰਮਿਤ ਸਮਾਗਮ**




ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ
1 ਜੂਨ ਤੋਂ 7 ਜੂਨ 2026 ਵਿਸ਼ੇਸ਼ ਕਥਾ ਅਤੇ ਗੁਰਬਾਣੀ ਕੀਰਤਨ ਸਮਾਗਮ




ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਜੀ
ਦਾ ਜਨਮ ਦਿਹਾੜਾ 2 ਜੂਨ 2026





4th Annual Sikh Heritage Night
18 ਜੂਨ 2026 | ਸ਼ਾਮ 6:30 ਵਜੇ




ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ
ਸ਼ਹਾਦਤ ਨੂੰ ਸਮਰਪਿਤ ਸੰਗਤ ਰੂਪੀ ਸੁਖਮਨੀ ਸਾਹਿਬ ਪਾਠ

16 ਜੂਨ ਤੋਂ 20 ਜੂਨ ਸ਼ਾਮ 7:30 ਤੋਂ 8:45 ਵਜੇ ਤੱਕ
ਸ਼ਹੀਦੀ ਕਾਨਫਰੰਸ 21 ਜੂਨ 2026 (ਐਤਵਾਰ)




28 ਜੂਨ ਨੂੰ ਭਾਈ ਸਾਹਿਬ
Dr. Alankar Singh ਜੀ ਵਲੋਂ
ਸਵੇਰੇ 11:20 ਤੋਂ ਦੁਪਹਿਰ 12:20 ਵਜੇ ਤੱਕ
ਗੁਰਬਾਣੀ ਕੀਰਤਨ ਕੀਤਾ ਜਾਵੇਗਾ |




ਲੜਕੇ ਅਤੇ ਲੜਕੀਆਂ ਲਈ
Basketball Camp 2026
27 ਮਈ ਤੋਂ 18 ਜੁਲਾਈ ਤੱਕ

**ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ**
**26 ਜੂਨ ਤੋਂ 28 ਜੂਨ 2026 ਸਾਲਾਨਾ ਜੋੜ ਮੇਲਾ**




**Address : 3636 Gurdwara Ave, San Jose, CA, 95148 | www.sanjosegurdwara.com | (408) 274-9373**

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


SAN MARCO TEEYAN BAY POINT
PROUDLY PRESENTS ( NON PROFIT)
9TH ANNUAL WOMEN'S FESTIWAL
FETURING : GIDHA, DANCE, SKITS, SONGS, LIVE DJ AND MUCH MORE
San Marco Teeyan
ON SUNDAY JULY 12TH 2026
AMBROSE COMMUNITY CENTER 12 PM TO 6 PM
3105 WILLOW PASS RD , BAY POINT CA 94565
Host
PREETO SAWHNEY
JEWELRY AND
CLOTHING STALLS
RAFFLE DRAWING FOR GOLD ITEMS
AND MORE PRIZES
Free Entry
Free Parking
PHOTO & VIDEOGRAPHY BY
PAL FILMS
PRODUCTION
341 356 1517
GRAND SPONSOR
CHINNA JEWELERS
FOR MORE INFO & PARTICIPATION CALL
SONIA WALIA
925-565-6058
PARAMJIT NOKWAL
925-323-2523
HARPREET SUTTI
925-464-3414
FOOD BY
DOSA PLACE

ਲੇਖਕ:
ਮੁਖਤਾਰ ਸਿੰਘ ਚੰਦੀ

# ਗੁਰਦੁਆਰਾ ਦਮਦਮਾ ਸਾਹਿਬ ਠੱਟਾ

ਪ੍ਰਿੰਸੀਪਲ (ਰਿਟ.)
ਲਖਬੀਰ ਸਿੰਘ ਸੈਦਪੁਰ
9779952440

## ਇਤਿਹਾਸ, ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ

**ਇਹ ਪੁਸਤਕ ਮੇਰੀ ਨਜ਼ਰ ਵਿੱਚ (ਰਿਵਿਊ)**

ਉੱਘੇ ਗ਼ਜ਼ਲਗੋ ਅਤੇ ਲੇਖਕ ਮੁਖਤਾਰ ਸਿੰਘ ਚੰਦੀ ਜੀ ਇੱਕ ਗੁਰਸਿੱਖ ਸ਼ਖ਼ਸੀਅਤ ਹਨ। ਗੁਰੂ-ਘਰ ਨਾਲ ਪ੍ਰੀਤ ਅਤੇ ਸਿੱਖੀ ਜੀਵਨ-ਮੁੱਲਾਂ ਨਾਲ ਜੁੜਾਅ ਉਨ੍ਹਾਂ ਨੂੰ ਆਪਣੇ ਮਾਪਿਆਂ ਤੋਂ ਵਿਰਸੇ ਵਿੱਚ ਪ੍ਰਾਪਤ ਹੋਇਆ ਹੈ। ਸੰਤ-ਮਹਾਂਪੁਰਸ਼ਾਂ ਦੀ ਸੰਗਤ ਕਰਨੀ, ਉਨ੍ਹਾਂ ਦੀ ਜੀਵਨ-ਜਾਚ ਨੂੰ ਗਹੁ ਨਾਲ ਵੇਖਣਾ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਉਨ੍ਹਾਂ ਦੇ ਵਿਲੱਖਣ ਗੁਣਾਂ ਵਿੱਚ ਸ਼ਾਮਲ ਹੈ।

ਇਨ੍ਹਾਂ ਦੀ ਦਿਲੀ ਇੱਛਾ ਸੀ ਕਿ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਜੋ ਕਿ ਇਸ ਇਲਾਕੇ ਦਾ ਵੱਡਾ ਧਾਰਮਿਕ ਕੇਂਦਰ ਹੈ, ਦੇ ਇਤਿਹਾਸ ,ਪ੍ਰੰਪਰਾਵਾ ਅਤੇ ਇਸ ਅਸਥਾਨ ਨਾਲ ਸਬੰਧਿਤ ਮਹਾਂ ਪੁਰਖਾਂ ਦੇ ਜੀਵਨ, ਵਿਚਾਰਾਂ ਅਤੇ ਪਰਉਪਕਾਰੀ ਕਾਰਜਾਂ ਨੂੰ ਸੰਗਤਾਂ ਦੇ ਰੂਬਰੂ ਲਿਖਤੀ ਰੂਪ ਵਿੱਚ ਕੀਤਾ ਜਾਵੇ ਤਾਂ ਜੋ ਆਮ ਮਨੁੱਖ ਉਨ੍ਹਾਂ ਦੇ ਜੀਵਨ-ਫਲਸਫ਼ੇ ਤੋਂ ਪ੍ਰੇਰਨਾ ਲੈ ਕੇ ਧਾਰਮਿਕ, ਨੈਤਿਕ ਅਤੇ ਸੱਚਾ-ਸੁੱਚਾ ਜੀਵਨ ਬਤੀਤ ਕਰ ਸਕੇ।

ਗੁਰਦੁਆਰਾ ਦਮਦਮਾ ਸਾਹਿਬ ਠੱਟਾ, ਮਹਾਨ ਸ਼ਹੀਦ ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਨਾਲ ਸਬੰਧਤ ਇੱਕ ਇਤਿਹਾਸਕ ਅਸਥਾਨ ਹੈ। ਇਤਿਹਾਸਕ ਸਰੋਤਾਂ ਅਨੁਸਾਰ ਬਾਬਾ ਜੀ ਨੇ ਦੋ ਵਾਰ ਇਸ ਅਸਥਾਨ ਉੱਤੇ ਆਪਣੇ ਪਵਿੱਤਰ ਚਰਨ ਪਾਏ। ਆਮ ਸੰਗਤ ਵਿੱਚ ਇਸ ਗੁਰਦੁਆਰਾ ਸਾਹਿਬ ਦੀ ਮਹੱਤਤਾ ਮੁੱਖ ਤੌਰ 'ਤੇ ਬਾਬਾ ਬੀਰ ਸਿੰਘ ਜੀ ਦੇ ਅਸਥਾਨ ਵਜੋਂ ਹੈ। ਪਰੰਤੂ 'ਸਿੱਖ ਪੰਥ ਵਿਸ਼ਵ ਕੋਸ਼' ਅਨੁਸਾਰ ਗੁਰੂ ਨਾਨਕ ਦੇਵ ਜੀ ਸੰਨ 1487 ਵਿੱਚ ਮਾਤਾ ਸੁਲੱਖਣੀ ਜੀ ਨੂੰ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਆਹੁਣ ਜਾਂਦੇ ਸਮੇਂ ਆਪਣੀ ਬਰਾਤ ਸਮੇਤ ਇੱਥੇ ਠਹਿਰੇ ਸਨ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਜੀ ਦੀ ਅੰਸ਼-ਬੰਸ਼ ਵਿੱਚੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਵੀ ਇਸ ਪਾਵਨ ਅਸਥਾਨ 'ਤੇ ਚਰਨ ਪਾਏ ਸਨ।

ਇਸ ਪੁਸਤਕ ਵਿੱਚ ਮਹਾਨ ਸ਼ਹੀਦ ਬਾਬਾ ਬੀਰ ਸਿੰਘ ਜੀ ਦਾ ਜੀਵਨ , ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦਾ ਇਤਿਹਾਸ ਅਤੇ ਇਸ ਡੇਰੇ ਦੇ ਨਾਲ ਸਬੰਧਤ ਮਹਾਂ ਪੁਰਖਾਂ ਬਾਬਾ ਕਾਹਨ ਸਿੰਘ ਜੀ, ਬਾਬਾ ਖੜਗ ਸਿੰਘ ਜੀ, ਬਾਬਾ ਜਗਤ ਸਿੰਘ ਜੀ, ਬਾਬਾ ਕਰਤਾਰ ਸਿੰਘ ਜੀ, ਬਾਬਾ ਤਰਲੋਚਨ ਸਿੰਘ ਜੀ, ਬਾਬਾ ਗੁਰਚਰਨ ਸਿੰਘ ਜੀ ਅਤੇ ਮੌਜੂਦਾ ਮੁੱਖੀ ਬਾਬਾ ਹਰਜੀਤ ਸਿੰਘ ਜੀ ਦੇ ਧਾਰਮਿਕ, ਸਮਾਜਿਕ ਅਤੇ ਰੂਹਾਨੀ ਜੀਵਨ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੀਆਂ ਹੋਰ ਸੰਤ-ਸ਼ਖ਼ਸੀਅਤਾਂ, ਸੱਜਣ ਪੁਰਸ਼ਾਂ ਅਤੇ ਸਮਾਜਿਕ ਆਗੂਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਲੇਖਕ ਨੇ ਬਾਬਾ ਬੀਰ ਸਿੰਘ ਜੀ ਦੇ ਜੀਵਨ ਦੇ ਅਨੇਕਾਂ ਪੱਖਾਂ ਨੂੰ ਬੜੀ ਸੁਚੱਜੀ ਢੰਗ ਨਾਲ ਪੇਸ਼ ਕੀਤਾ ਹੈ। ਆਪ ਜੀ ਦੇ ਪਿਤਾ ਸ. ਸੇਵਾ ਸਿੰਘ ਜੀ, ਸ. ਨਿਹਾਲ ਸਿੰਘ ਅਟਾਰੀਵਾਲਾ ਦੀ ਫੌਜ ਵਿੱਚ ਲੜਦੇ ਹੋਏ ਸ਼ਹੀਦ ਹੋ ਗਏ ਸਨ। ਆਪ ਜੀ ਦੀ ਦਰਸ਼ਨੀ ਦਿੱਖ ਅਤੇ ਯੋਗਤਾ ਨੂੰ ਵੇਖਦਿਆਂ ਉਨ੍ਹਾਂ ਨੂੰ ਪਿਤਾ ਜੀ ਦੀ ਥਾਂ ਫੌਜ ਵਿੱਚ ਭਰਤੀ ਕਰ ਲਿਆ ਗਿਆ।

ਫੌਜ ਵਿੱਚ ਰਹਿੰਦਿਆਂ ਹੀ ਉਨ੍ਹਾਂ ਨੇ ਰੂਹਾਨੀ ਜੀਵਨ ਦੀ ਰਾਹ ਅਪਣਾਈ। ਬਾਬਾ ਭਾਗ ਸਿੰਘ ਕੁਰੀ ਵਾਲਿਆਂ ਦੀ ਸਰਪ੍ਰਸਤੀ ਅਤੇ ਬਾਬਾ ਸਾਹਿਬ ਸਿੰਘ ਊਨਾ ਵਾਲਿਆਂ ਦੀ ਅਗਵਾਈ ਹੇਠ ਸੇਵਾ-ਸਿਮਰਨ ਕਰਦਿਆਂ ਉਨ੍ਹਾਂ ਨੇ ਉੱਚ ਆਤਮਿਕ ਬੁਲੰਦੀਆਂ ਨੂੰ ਛੂਹਿਆ ।ਨੌਰੰਗਾਬਾਦ (ਅੰਮ੍ਰਿਤਸਰ)ਡੇਰੇ ਦੀ ਸਥਾਪਨਾ ਕੀਤੀ ਅਤੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿੱਚ ਭਰਾਮਾਰੂ ਜੰਗ ਛਿੜ ਗਈ। ਬਾਬਾ ਜੀ ਨੇ ਇਸ ਟਕਰਾਅ ਦਾ ਹਿੱਸਾ ਬਣਨ ਦੀ ਥਾਂ ਧੀਰਜ, ਸਹਿਣਸ਼ੀਲਤਾ ਅਤੇ ਅਕਾਲ ਪੁਰਖ ਦੇ ਭਾਣੇ ਵਿੱਚ ਰਹਿਣ ਦਾ ਮਾਰਗ ਚੁਣਿਆ ਅਤੇ ਮੁੱਠਿਆਵਾਲੀ ਨੇੜੇ ਭੰਗਾਲਾ ਲੱਲਾ ਵਾਲਾ ਵਿਖੇ ਸ਼ਹੀਦੀ ਜਾਮ ਪੀ ਕੇ ਉਸ ਸਰਬ-ਸ਼ਕਤੀਮਾਨ ਦੀ ਜੋਤ ਵਿੱਚ ਲੀਨ ਹੋ ਗਏ।

ਲੇਖਕ ਨੇ ਅੰਗਰੇਜ਼ਾਂ

ਅਤੇ ਡੋਗਰਿਆਂ ਦੀ ਮਿਲੀ ਭੁਗਤ ਨੂੰ ਜ਼ਾਹਿਰ ਕਰਦਾ ਏ. ਐਫ. ਰਿਚਰਡ ਦਾ ਮਿਤੀ 11 ਮਈ 1844 ਦਾ ਪੱਤਰ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਬਾਬਾ ਜੀ ਦੀ ਦੁਖਦਾਇਕ ਸ਼ਹੀਦੀ ਸਬੰਧੀ 176 ਸਾਲ ਬਾਅਦ ਕਰਵਾਏ ਪ੍ਰਾਸ਼ਚਿਤ ਸਮਾਗਮ ਦੀ ਜਾਣਕਾਰੀ ਦੇ ਕੇ ਇਸ ਪੁਸਤਕ ਨੂੰ ਇਤਿਹਾਸਕ ਦਸਤਾਵੇਜ ਬਣਾ ਦਿੱਤਾ ਹੈ।

ਇਸ ਪੁਸਤਕ ਵਿੱਚ ਗੁਰਦੁਆਰਾ ਦਮਦਮਾ ਸਾਹਿਬ ਦੇ ਪਹਿਲੇ ਸੇਵਾਦਾਰ ਬਾਬਾ ਕਾਹਨ ਸਿੰਘ ਜੀ ਅਤੇ ਦੂਸਰੇ ਸੇਵਾਦਾਰ ਬਾਬਾ ਖੜਗ ਸਿੰਘ ਜੀ ਵੱਲੋ ਗੁਰਦੁਆਰਾ ਸਾਹਿਬ ਦੀ ਇਮਾਰਤ, ਪੁਰਾਣਾ ਲੰਗਰ ਹਾਲ,ਚੁਬਾਰਾ ਅਤੇ ਹੋਰ ਇਮਾਰਤਾਂ ਦੀ ਉਸਾਰੀ ਦਾ ਵੇਰਵਾ ਤੱਥਾਂ ਅਤੇ ਤਿਥਾਂ ਸਮੇਤ ਸੰਗਤਾਂ ਦੀ ਜਾਣਕਾਰੀ ਲਈ ਦਰਸਾਇਆ ਗਿਆ ਹੈ ।ਇਸੇ ਤਰ੍ਹਾਂ ਖੇਤੀਬਾੜੀ ਵਾਲੇ ਖੂਹ ਜਿਸ ਦੀ ਸੰਪੂਰਨਤਾ ਬਾਬਾ ਖੜਗ ਸਿੰਘ ਜੀ ਵੱਲੋਂ 1893 ਈ ਵਿੱਚ ਕਰਵਾਈ ਗਈ ਸੀ ।ਇਹ ਜਾਣਕਾਰੀ ਇੱਕ ਇਤਿਹਾਸਕ ਪੱਥਰ-ਲੇਖ ਦੇ ਆਧਾਰ 'ਤੇ ਦਿੱਤੀ ਗਈ ਹੈ, ਜਿਸ ਬਾਰੇ ਬਹੁਤ ਸਾਰੀ ਸੰਗਤ ਪਹਿਲਾਂ ਸ਼ਾਇਦ ਜਾਣੂ ਨਾ ਹੋਵੇ।

ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਗੁਰਦੁਆਰਾ ਦਮਦਮਾ ਸਾਹਿਬ ਦੇ ਮੁੱਖੀ ਬਾਬਾ ਜਗਤ ਸਿੰਘ ਜੀ ਸਨ। ਉਸ ਵੇਲੇ ਦੋਹਾਂ ਫਿਰਕਿਆਂ ਵਿਚਾਲੇ ਹਾਲਾਤ ਬਹੁਤ ਨਾਜ਼ੁਕ ਸਨ ਅਤੇ ਕਿਸੇ ਵੀ ਸਮੇਂ ਵੱਡਾ ਦੁਖਾਂਤ ਵਾਪਰ ਸਕਦਾ ਸੀ। ਪਰ ਬਾਬਾ ਜਗਤ ਸਿੰਘ ਜੀ ਨੇ ਆਪਣੀ ਰੂਹਾਨੀ ਸੂਝ-ਬੂਝ ਅਤੇ ਦੂਰਅੰਦੇਸ਼ੀ ਨਾਲ ਦੋਹਾਂ ਧਿਰਾਂ ਨੂੰ ਸ਼ਾਂਤ ਕਰਕੇ ਇਲਾਕੇ ਵਿੱਚ ਅਮਨ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ।

ਬਾਬਾ ਜਗਤ ਸਿੰਘ ਜੀ ਦੇ ਉੱਤਰਾਧਿਕਾਰੀ ਸੰਤ ਕਰਤਾਰ ਸਿੰਘ ਜੀ ਬਣੇ, ਜਿਨ੍ਹਾਂ ਨੂੰ ਆਮ ਤੌਰ 'ਤੇ ਕਾਰ ਸੇਵਾ ਵਾਲੇ ਸੰਤਾਂ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਸਿੱਖ ਪੰਥ ਦੇ ਤਖ਼ਤ ਸਾਹਿਬਾਨ ਅਤੇ ਹੋਰ ਕੇਂਦਰੀ ਧਾਰਮਿਕ ਅਸਥਾਨਾਂ 'ਤੇ ਨਿਸ਼ਕਾਮ ਕਾਰ ਸੇਵਾਵਾਂ ਕਰਵਾਈਆਂ ਅਤੇ ਸਿੱਖ ਜਗਤ ਵਿੱਚ ਖੂਬ ਨਿਮਾਣਾ ਖੱਟਿਆ।

ਇਸ ਤੋਂ ਇਲਾਵਾ ਉਨ੍ਹਾਂ ਨੇ ਪਿੰਡਾਂ ਦੇ ਕੱਚੇ ਰਸਤੇ ਪੱਕੇ ਕਰਵਾਏ, ਚੈਰੀਟੇਬਲ ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਦੀ ਕਾਰ ਸੇਵਾ ਕਰਵਾਈ ਅਤੇ ਅਨੇਕਾਂ ਪਿੰਡਾਂ ਦੇ ਗੁਰਦੁਆਰਾ ਸਾਹਿਬਾਨਾਂ ਦੀ ਸੇਵਾ ਸੰਪੰਨ ਕਰਵਾਈ। ਦਰਜਨਾਂ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਬਿਆਸ ਦਰਿਆ 'ਤੇ ਧੁੱਸੀ ਬਣਵਾਉਣਾ ਵੀ ਉਨ੍ਹਾਂ ਦੀ ਮਹੱਤਵਪੂਰਨ ਦੇਣ ਹੈ।

ਬਾਬਾ ਕਰਤਾਰ ਸਿੰਘ ਜੀ ਤੋਂ ਬਾਅਦ ਬਾਬਾ ਗੁਰਚਰਨ ਸਿੰਘ ਜੀ ਨੇ ਵੀ ਇਸੇ ਪਰੰਪਰਾ ਨੂੰ ਅੱਗੇ ਵਧਾਇਆ। ਉਨ੍ਹਾਂ ਨੇ ਸਕੂਲਾਂ, ਗੁਰਦੁਆਰਾ ਸਾਹਿਬਾਨਾਂ ਅਤੇ ਮਨੁੱਖਤਾ ਦੀ ਭਲਾਈ ਨਾਲ ਸਬੰਧਤ ਅਨੇਕਾਂ ਕਾਰਜ ਸੰਪੰਨ ਕੀਤੇ। ਮੌਜੂਦਾ ਮੁੱਖੀ ਬਾਬਾ ਹਰਜੀਤ ਸਿੰਘ ਜੀ ਵੀ ਆਪਣੇ ਪੂਰਵਜਾਂ ਦੀਆਂ ਪਾਈਆਂ ਪੈੜ੍ਹਾਂ 'ਤੇ ਚੱਲਦਿਆਂ ਸੇਵਾ, ਸਿਮਰਨ ਅਤੇ ਪਰਉਪਕਾਰ ਦੀ ਇਸ ਮਹਾਨ ਪਰੰਪਰਾ ਨੂੰ ਅੱਗੇ ਵਧਾ ਰਹੇ ਹਨ।

ਲੇਖਕ ਪਹਿਲਾਂ ਵੀ ਪਾਠਕਾਂ ਦੀ ਝੋਲੀ ਵਿੱਚ ਦੋ ਕਿਤਾਬਾਂ (ਇੱਕ ਕਵਿਤਾ-ਸੰਗ੍ਰਹਿ ਅਤੇ ਦੂਜੀ ਗ਼ਜ਼ਲ-ਸੰਗ੍ਰਹਿ) ਪਾ ਚੁੱਕੇ ਹਨ। ਭਾਵੇਂ ਵਾਰਤਕ ਦੇ ਖੇਤਰ ਵਿੱਚ ਇਹ ਉਨ੍ਹਾਂ ਦੀ ਪਹਿਲੀ ਕਿਤਾਬ ਹੈ, ਪਰ ਇਹ ਲੇਖਕ ਦੀ ਵਿਲੱਖਣ ਸ਼ੈਲੀ ਨੂੰ ਉਜਾਗਰ ਕਰਦੀ ਹੈ ਅਤੇ ਦਰਸਾਉਂਦੀ ਹੈ ਕਿ ਉਹ ਬਹੁਪੱਖੀ ਗੁਣਾਂ ਅਤੇ ਵਿਸ਼ਾਲ ਸ਼ਬਦ-ਭੰਡਾਰ ਦੇ ਮਾਲਕ ਹਨ।

ਇਸ ਕਿਤਾਬ ਦੀ ਇੱਕ ਅਹਿਮ ਵਿਸ਼ੇਸਤਾ ਹੈ ਕਿ ਜਿਥੇ ਇਸ ਪੁਸਤਕ ਦਾ ਸਿਰਲੇਖ ਵਿਸ਼ਾ-ਵਸਤੂ ਅਨੁਸਾਰ ਢੁੱਕਵਾ ਹੈ, ਉਥੇ ਕਿਤਾਬ ਦਾ ਟਾਈਟਲ ਵੀ ਬਹੁਤ ਦਿਲਕਸ਼ ਅਤੇ ਮਨਮੋਹਨਾ ਹੈ। ਇਸ ਵਿਲੱਖਣ ਕਾਰਜ ਲਈ ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵੀ ਵਧਾਈ ਦੇ ਹੱਕਦਾਰ ਹਨ।

ਮੈਂ ਮੁਖਤਾਰ ਸਿੰਘ ਚੰਦੀ ਜੀ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਗੁਰਦੁਆਰਾ ਦਮਦਮਾ ਸਾਹਿਬ ਠੱਟਾ (ਕਪੂਰਥਲਾ) ਦੇ ਇਤਿਹਾਸ, ਪਰੰਪਰਾ ਅਤੇ ਵਿਕਾਸ ਨਾਲ ਸਬੰਧਤ ਮੂਲ ਅਤੇ ਮੌਖਿਕ ਸਰੋਤਾਂ ਦਾ ਗੰਭੀਰ ਅਧਿਐਨ ਕਰਕੇ, ਕਾਫ਼ੀ ਖੋਜ ਅਤੇ ਛਾਣਬੀਣ ਉਪਰੰਤ ਇਹ ਮਹੱਤਵਪੂਰਨ ਪੁਸਤਕ ਸੰਗਤ ਦੀ ਝੋਲੀ ਪਾਈ ਹੈ। "ਸਾਧ ਜਨਾ ਕੀ ਅਚਰਜ ਕਥਾ॥" ਨੂੰ ਸ਼ਬਦਾਂ ਵਿੱਚ ਪਰੋਣ ਦੀ ਸੋਝੀ ਵੀ ਲੇਖਕ ਨੂੰ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਹੀ ਪ੍ਰਾਪਤ ਹੋਈ ਹੈ।

ਇਹ ਪਹਿਲੀ ਐਸੀ ਪੁਸਤਕ ਹੈ ਜੋ ਸੰਗਤ ਨੂੰ ਧਰਮ ਦੇ ਇਸ ਮਹੱਤਵਪੂਰਨ ਕੇਂਦਰ ਅਤੇ ਇਸ ਨਾਲ ਸਬੰਧਤ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਬਾਰੇ ਵਡਮੁੱਲੀ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਦੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਪੁਸਤਕ ਸਮੁੱਚੀ ਸਿੱਖ ਸੰਗਤ, ਖਾਸ ਕਰਕੇ ਇਸ ਅਸਥਾਨ ਨਾਲ ਜੁੜੀ ਸੰਗਤ ਅਤੇ ਖੋਜੀ ਵਿਦਵਾਨਾਂ ਲਈ ਬੇਹੱਦ ਲਾਹੇਵੰਦ ਅਤੇ ਮਾਰਗਦਰਸ਼ਕ ਸਾਬਤ ਹੋਵੇਗੀ।

# ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੇ ਗ੍ਰੀਸ ਦੇ ਵਿਕਾਸ ਮੰਤਰੀ ਟਾਕਿਸ ਥੀਓਡੋਰਿਕਾਕੋਸ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਭਾਰਤ-ਗ੍ਰੀਸ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਗ੍ਰੀਸ ਦੇ ਵਿਕਾਸ ਮੰਤਰੀ ਟਾਕਿਸ ਥੀਓਡੋਰਿਕਾਕੋਸ ਨਾਲ ਇੱਕ ਲਾਭਕਾਰੀ ਮੁਲਾਕਾਤ ਕੀਤੀ।ਗੋਇਲ ਨੇ ਐਕਸ 'ਤੇ ਪੋਸਟ ਕੀਤਾ "ਅਸੀਂ ਦੋਵਾਂ ਦੇਸ਼ਾਂ ਦੀ ਸਾਂਝੀ ਖੁਸ਼ਹਾਲੀ ਲਈ ਨਿਰਮਾਣ, ਸਟਾਰਟ-ਅੱਪਸ ਅਤੇ ਉੱਭਰਦੀਆਂ ਤਕਨਾਲੋਜੀਆਂ ਵਿੱਚ ਸਹਿਯੋਗ ਨੂੰ ਡੂੰਘਾ ਕਰਨ ਦੇ ਮੌਕਿਆਂ ਦੀ ਵੀ ਪੜਚੋਲ ਕੀਤੀ।ਮੰਤਰੀ ਨੇ ਅੱਗੇ ਕਿਹਾ "ਵਧੇਰੇ ਵਪਾਰ, ਨਿਵੇਸ਼, ਉਦਯੋਗਿਕ ਸਹਿਯੋਗ ਅਤੇ ਲਚਕੀਲੇ ਸਪਲਾਈ ਚੇਨਾਂ ਰਾਹੀਂ ਭਾਰਤ-ਗ੍ਰੀਸ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ 'ਤੇ ਚਰਚਾ ਕੀਤੀ।ਐਤਵਾਰ ਨੂੰ ਜਾਰੀ ਇੱਕ ਅਧਿਕਾਰਤ ਬਿਆਨ ਦੇ ਅਨੁਸਾਰ, ਗੋਇਲ ਗ੍ਰੀਸ ਵਿੱਚ ਇੱਕ ਉੱਚ-ਪੱਧਰੀ ਭਾਰਤੀ ਵਪਾਰਕ ਵਫ਼ਦ ਦੀ ਅਗਵਾਈ ਕਰ ਰਹੇ ਹਨ, ਜਿਸਦਾ ਧਿਆਨ ਦੁਵੱਲੇ ਵਪਾਰ ਅਤੇ ਨਿਵੇਸ਼ ਪ੍ਰਵਾਹ ਦੇ ਨਾਲ-ਨਾਲ ਰਣਨੀਤਕ ਆਰਥਿਕ ਸਹਿਯੋਗ ਨੂੰ ਵਧਾਉਣ 'ਤੇ ਕੇਂਦ੍ਰਿਤ ਹੈ।

ਗ੍ਰੀਸ ਦੀ ਯਾਤਰਾ ਦੌਰਾਨ, ਵਫ਼ਦ ਦ ਐਥਨਜ਼ ਸਟਾਰਟਅੱਪ ਬਿਜ਼ਨਸ ਇਨਕਿਊਬੇਟਰ ਵਿਖੇ ਪੇਸ਼ਕਾਰੀਆਂ ਅਤੇ ਸਟਾਰਟਅੱਪ ਪਿੱਚਾਂ ਵਿੱਚ ਹਿੱਸਾ ਲਵੇਗਾ, ਜੋ ਅਗਲੀ ਪੀੜ੍ਹੀ ਦੇ ਉੱਦਮਾਂ ਨੂੰ ਪ੍ਰਦਰਸ਼ਿਤ ਕਰਨ ਅਤੇ ਸਰਹੱਦ ਪਾਰ ਨਵੀਨਤਾ ਸਾਂਝੇਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰੇਗਾ।ਇਹ ਵਫ਼ਦ ਐਥਨਜ਼ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ (ਏ.ਸੀ.ਸੀ.ਆਈ.) ਵਿਖੇ ਭਾਰਤੀ ਅਤੇ ਯੂਨਾਨੀ ਉਦਯੋਗ ਦੇ ਆਗੂਆਂ ਨਾਲ ਗੋਲਮੇਜ਼ ਵਿਚਾਰ-ਵਟਾਂਦਰੇ ਵੀ ਕਰੇਗਾ। ਵਿਚਾਰ-ਵਟਾਂਦਰੇ ਵਿੱਚ ਬੁਨਿਆਦੀ ਢਾਂਚਾ, ਡਿਜੀਟਲਾਈਜ਼ੇਸ਼ਨ ਅਤੇ ਰੱਖਿਆ, ਅਤੇ ਭੋਜਨ ਅਤੇ ਖੇਤੀਬਾੜੀ ਸਮੇਤ ਮੁੱਖ ਖੇਤਰਾਂ ਨੂੰ ਸ਼ਾਮਲ ਕੀਤਾ ਜਾਵੇਗਾ।

ਜਿਸ ਵਿੱਚ ਸਹਿਯੋਗ ਲਈ ਨਵੇਂ ਰਸਤੇ ਲੱਭਣ ਅਤੇ ਨਿੱਜੀ-ਖੇਤਰ ਦੀ ਭਾਈਵਾਲੀ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੀਤਾ ਜਾਵੇਗਾ।ਇੱਕ ਅਧਿਕਾਰਤ ਬਿਆਨ ਦੇ ਅਨੁਸਾਰ, ਇਹ ਦੌਰਾ ਉਦਯੋਗ ਭਾਈਵਾਲੀ ਨੂੰ ਡੂੰਘਾ ਕਰਨ ਅਤੇ ਦੁਵੱਲੇ ਵਪਾਰਕ ਸਬੰਧਾਂ ਦਾ ਵਿਸਤਾਰ ਕਰਨ ਦੇ ਉਦੇਸ਼ ਨਾਲ ਮੁੱਖ ਵਪਾਰਕ ਅਤੇ ਸੰਸਥਾਗਤ ਹਿੱਸੇਦਾਰਾਂ ਨਾਲ ਗੱਲਬਾਤ ਨਾਲ ਸਮਾਪਤ ਹੋਵੇਗਾ।

ਮੰਤਰੀ ਨੇ ਪਿਛਲੇ ਹਫ਼ਤੇ ਯੂਨਾਈਟਿਡ ਕਿੰਗਡਮ ਦੀ ਆਪਣੀ ਤਿੰਨ ਦਿਨਾਂ ਫੇਰੀ ਨੂੰ ਸਫਲਤਾਪੂਰਵਕ ਸਮਾਪਤ ਕੀਤਾ, ਜਿਸ ਵਿੱਚ ਲੰਡਨ ਵਿੱਚ 'ਭਾਰਤ-ਯੂ.ਕੇ.: ਪ੍ਰਗਤੀ ਵਿੱਚ ਭਾਈਵਾਲ ਵਪਾਰ ਸੰਪੂਰਨਤਾ' ਆਯੋਜਿਤ ਕੀਤੀ ਗਈ।ਇਸ ਸ਼ਮੂਲੀਅਤ ਨੇ ਦੁਵੱਲੇ ਆਰਥਿਕ ਸਬੰਧਾਂ ਵਿੱਚ ਮਜ਼ਬੂਤ ਗਤੀ ਦੀ ਪੁਸ਼ਟੀ ਕੀਤੀ, ਦੋਵਾਂ ਦੇਸ਼ਾਂ ਦੇ ਪ੍ਰਮੁੱਖ ਉਦਯੋਗ ਹਿੱਸੇਦਾਰਾਂ ਨੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਡੂੰਘਾ ਕਰਨ ਲਈ ਇੱਕ ਪਰਿਵਰਤਨਸ਼ੀਲ ਢਾਂਚੇ ਵਜੋਂ ਪ੍ਰਸਤਾਵਿਤ ਵਿਆਪਕ ਆਰਥਿਕ ਅਤੇ ਵਪਾਰ ਸਮਝੌਤੇ (ਸੀ.ਈ.ਟੀ.ਏ.) ਲਈ ਦ੍ਰਿੜ ਸਮਰਥਨ ਪ੍ਰਗਟ ਕੀਤਾ।

ਬਿਆਨ ਵਿੱਚ ਕਿਹਾ ਗਿਆ ਹੈ, "ਯੂਨਾਈਟਿਡ ਕਿੰਗਡਮ ਵਿੱਚ ਮੰਤਰੀ ਦੇ ਰੁਝੇਵੇਂ, ਜਿਸ ਤੋਂ ਬਾਅਦ ਯੂਨਾਨ ਦੀ ਚੱਲ ਰਹੀ ਫੇਰੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਵਿਸ਼ਵਵਿਆਪੀ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ, ਨਵੀਨਤਾ-ਅਗਵਾਈ ਵਾਲੇ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਮੁੱਖ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਭਾਰਤ ਦੀ ਵਪਾਰ ਅਤੇ ਨਿਵੇਸ਼ ਕੂਟਨੀਤੀ ਨੂੰ ਅੱਗੇ ਵਧਾਉਣ ਲਈ ਭਾਰਤ ਸਰਕਾਰ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਹੈ।"

ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੇ ਗ੍ਰੀਸ ਦੇ ਵਿਕਾਸ ਮੰਤਰੀ ਟਾਕਿਸ ਥੀਓਡੋਰਿਕਾਕੋਸ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਭਾਰਤ-ਗ੍ਰੀਸ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਗ੍ਰੀਸ ਦੇ ਵਿਕਾਸ ਮੰਤਰੀ ਟਾਕਿਸ ਥੀਓਡੋਰਿਕਾਕੋਸ ਨਾਲ ਇੱਕ ਲਾਭਕਾਰੀ ਮੁਲਾਕਾਤ ਕੀਤੀ।ਗੋਇਲ ਨੇ ਐਕਸ 'ਤੇ ਪੋਸਟ ਕੀਤਾ "ਅਸੀਂ ਦੋਵਾਂ ਦੇਸ਼ਾਂ ਦੀ ਸਾਂਝੀ ਖੁਸ਼ਹਾਲੀ ਲਈ ਨਿਰਮਾਣ, ਸਟਾਰਟ-ਅੱਪਸ ਅਤੇ ਉੱਭਰਦੀਆਂ ਤਕਨਾਲੋਜੀਆਂ ਵਿੱਚ ਸਹਿਯੋਗ ਨੂੰ ਡੂੰਘਾ ਕਰਨ ਦੇ ਮੌਕਿਆਂ ਦੀ ਵੀ ਪੜਚੋਲ ਕੀਤੀ।ਮੰਤਰੀ ਨੇ ਅੱਗੇ ਕਿਹਾ "ਵਧੇਰੇ ਵਪਾਰ, ਨਿਵੇਸ਼, ਉਦਯੋਗਿਕ ਸਹਿਯੋਗ ਅਤੇ ਲਚਕੀਲੇ ਸਪਲਾਈ ਚੇਨਾਂ ਰਾਹੀਂ ਭਾਰਤ-ਗ੍ਰੀਸ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ 'ਤੇ ਚਰਚਾ ਕੀਤੀ।ਐਤਵਾਰ ਨੂੰ ਜਾਰੀ ਇੱਕ ਅਧਿਕਾਰਤ ਬਿਆਨ ਦੇ ਅਨੁਸਾਰ, ਗੋਇਲ ਗ੍ਰੀਸ ਵਿੱਚ ਇੱਕ ਉੱਚ-ਪੱਧਰੀ ਭਾਰਤੀ ਵਪਾਰਕ ਵਫ਼ਦ ਦੀ ਅਗਵਾਈ ਕਰ ਰਹੇ ਹਨ, ਜਿਸਦਾ ਧਿਆਨ ਦੁਵੱਲੇ ਵਪਾਰ ਅਤੇ ਨਿਵੇਸ਼ ਪ੍ਰਵਾਹ ਦੇ ਨਾਲ-ਨਾਲ ਰਣਨੀਤਕ ਆਰਥਿਕ ਸਹਿਯੋਗ ਨੂੰ ਵਧਾਉਣ 'ਤੇ ਕੇਂਦ੍ਰਿਤ ਹੈ।ਗ੍ਰੀਸ ਦੀ ਯਾਤਰਾ ਦੌਰਾਨ, ਵਫ਼ਦ ਦ ਐਥਨਜ਼ ਸਟਾਰਟਅੱਪ ਬਿਜ਼ਨਸ ਇਨਕਿਊਬੇਟਰ ਵਿਖੇ ਪੇਸ਼ਕਾਰੀਆਂ ਅਤੇ ਸਟਾਰਟਅੱਪ ਪਿੱਚਾਂ ਵਿੱਚ ਹਿੱਸਾ ਲਵੇਗਾ, ਜੋ ਅਗਲੀ ਪੀੜ੍ਹੀ ਦੇ ਉੱਦਮਾਂ ਨੂੰ ਪ੍ਰਦਰਸ਼ਿਤ ਕਰਨ ਅਤੇ ਸਰਹੱਦ ਪਾਰ ਨਵੀਨਤਾ ਸਾਂਝੇਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰੇਗਾ।ਇਹ ਵਫ਼ਦ ਏਸੀਸੀਆਈ ਵਿਖੇ ਭਾਰਤੀ ਅਤੇ ਯੂਨਾਨੀ ਉਦਯੋਗ ਦੇ ਆਗੂਆਂ ਨਾਲ ਗੋਲਮੇਜ਼ ਵਿਚਾਰ-ਵਟਾਂਦਰੇ ਵੀ ਕਰੇਗਾ। ਵਿਚਾਰ-ਵਟਾਂਦਰੇ ਵਿੱਚ ਬੁਨਿਆਦੀ ਢਾਂਚਾ, ਡਿਜੀਟਲਾਈਜ਼ੇਸ਼ਨ ਅਤੇ ਰੱਖਿਆ, ਅਤੇ ਭੋਜਨ ਅਤੇ ਖੇਤੀਬਾੜੀ ਸਮੇਤ ਮੁੱਖ ਖੇਤਰਾਂ ਨੂੰ ਸ਼ਾਮਲ ਕੀਤਾ ਜਾਵੇਗਾ, ਜਿਸ ਵਿੱਚ ਸਹਿਯੋਗ ਲਈ ਨਵੇਂ ਰਸਤੇ ਲੱਭਣ ਅਤੇ ਨਿੱਜੀ-ਖੇਤਰ ਦੀ ਭਾਈਵਾਲੀ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੀਤਾ ਜਾਵੇਗਾ।ਇੱਕ ਅਧਿਕਾਰਤ ਬਿਆਨ ਦੇ ਅਨੁਸਾਰ, ਇਹ ਦੌਰਾ ਉਦਯੋਗ ਭਾਈਵਾਲੀ ਨੂੰ ਡੂੰਘਾ ਕਰਨ ਅਤੇ ਦੁਵੱਲੇ ਵਪਾਰਕ ਸਬੰਧਾਂ ਦਾ ਵਿਸਤਾਰ ਕਰਨ ਦੇ ਉਦੇਸ਼ ਨਾਲ ਮੁੱਖ ਵਪਾਰਕ ਅਤੇ ਸੰਸਥਾਗਤ ਹਿੱਸੇਦਾਰਾਂ ਨਾਲ ਗੱਲਬਾਤ ਨਾਲ ਸਮਾਪਤ ਹੋਵੇਗਾ।ਮੰਤਰੀ ਨੇ ਪਿਛਲੇ ਹਫ਼ਤੇ ਯੂਨਾਈਟਿਡ ਕਿੰਗਡਮ ਦੀ ਆਪਣੀ ਤਿੰਨ ਦਿਨਾਂ ਫੇਰੀ ਨੂੰ ਸਫਲਤਾਪੂਰਵਕ ਸਮਾਪਤ ਕੀਤਾ, ਜਿਸ ਵਿੱਚ ਲੰਡਨ ਵਿੱਚ 'ਭਾਰਤ-ਯੂ.ਕੇ ਪ੍ਰਗਤੀ ਵਿੱਚ ਭਾਈਵਾਲ ਵਪਾਰ ਸੰਪੂਰਨਤਾ' ਆਯੋਜਿਤ ਕੀਤੀ ਗਈ।ਇਸ ਸ਼ਮੂਲੀਅਤ ਨੇ ਦੁਵੱਲੇ ਆਰਥਿਕ ਸਬੰਧਾਂ ਵਿੱਚ ਮਜ਼ਬੂਤ ਗਤੀ ਦੀ ਪੁਸ਼ਟੀ ਕੀਤੀ, ਦੋਵਾਂ ਦੇਸ਼ਾਂ ਦੇ ਪ੍ਰਮੁੱਖ ਉਦਯੋਗ ਹਿੱਸੇਦਾਰਾਂ ਨੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਡੂੰਘਾ ਕਰਨ ਲਈ ਇੱਕ ਪਰਿਵਰਤਨਸ਼ੀਲ ਢਾਂਚੇ ਵਜੋਂ ਪ੍ਰਸਤਾਵਿਤ ਵਿਆਪਕ ਸੀਈਟੀਏ ਲਈ ਦ੍ਰਿੜ ਸਮਰਥਨ ਪ੍ਰਗਟ ਕੀਤਾ।

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ


**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Pal Films Production
All Your Photo/Videography & Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਬੱਚਿਆਂ ਵਿੱਚ ਵਧਦੀ ਹੋਈ ਅਨੈਤਿਕਤਾ

ਅਜੋਕੇ ਬੱਚਿਆਂ ਦੇ ਸੁਭਾਅ, ਕਿਰਦਾਰ ਅਤੇ ਵਿਵਹਾਰ ਵਿੱਚ ਭਾਰੀ ਤਬਦੀਲੀ ਆਈ ਹੈ। ਭਾਰਤੀ ਅਤੇ ਪੱਛਮੀ ਸੱਭਿਅਤਾ ਦੇ ਮਿਸ਼ਰਣ ਹੇਠ ਪਲ਼ਦੇ ਹੋਏ ਅੱਜ ਦੇ ਬੱਚੇ ਨਾ ਤਾਂ ਪੁਰਾਤਨ ਪ੍ਰੰਪਰਾਵਾਂ ਨੂੰ ਪੂਰੀ ਤਰ੍ਹਾਂ ਅਪਣਾ ਸਕਦੇ ਹਨ ਤੇ ਨਾ ਹੀ ਬਹੁਤ ਜ਼ਿਆਦਾ ਪੱਛਮੀ ਪ੍ਰਭਾਵ ਹੇਠ ਜੀਵਨ ਬਤੀਤ ਕਰਨ ਦੀ ਸਾਡਾ ਸਮਾਜ ਇਜਾਜ਼ਤ ਦਿੰਦਾ ਹੈ। ਇਸ ਦੋਹਰੇ ਮਾਪਦੰਡ ਵਿੱਚੋਂ ਗੁਜ਼ਰਦੇ ਹੋਏ ਬੱਚਿਆਂ ਦੇ ਸੁਭਾਅ ਵਿੱਚ ਆਕ੍ਰਮਣਿਕ ਸਥਿਤੀ ਪੈਦਾ ਹੁੰਦੀ ਹੈ ਜੋ ਬੱਚਿਆਂ ਨੂੰ ਮਾਨਸਿਕ ਤੌਰ ਤੇ ਕਮਜ਼ੋਰ ਅਤੇ ਅਨੈਤਿਕਤਾ ਵੱਲ ਧਕੇਲ ਰਹੀ ਹੈ। ਇਸ ਵਿੱਚ ਇਕੱਲਾ ਦੋਸ਼ ਬੱਚਿਆਂ ਦਾ ਨਹੀਂ ਸਗੋਂ ਮਾਪੇ, ਅਧਿਆਪਕ ਅਤੇ ਸਾਡਾ ਸਮਾਜ ਵੀ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ। ਪੁਰਾਣੇ ਬਚਪਨ ਦੇ ਮੁਕਾਬਲੇ ਅੱਜ ਦੇ ਬੱਚਿਆਂ ਕੋਲ ਸੁੱਖ ਸਹੂਲਤਾਂ ਦੀ ਕੋਈ ਕਮੀ ਨਹੀਂ ਹੈ। ਅੱਜ ਉਨ੍ਹਾਂ ਕੋ਼ਲ ਜ਼ਿੰਦਗੀ ਬਸਰ ਕਰਨ ਲਈ, ਪੜ੍ਹਾਈ ਕਰਨ ਲਈ,ਰਹਿਣ ਸਹਿਣ ਲਈ,ਆਉਣ ਜਾਣ ਲਈ,ਖਾਣ ਪੀਣ ਲਈ, ਅਰਾਮ ਕਰਨ ਲਈ ਵਧੀਆ ਤੋਂ ਵਧੀਆ ਸਾਧਨ ਮੁਹੱਈਆ ਕਰਵਾਏ ਜਾਂਦੇ ਹਨ,ਪਰ ਫਿਰ ਵੀ ਅੱਜ ਦੇ ਬੱਚੇ ਅਸੰਜਮਸਤਾ, ਮਾਨਸਿਕ ਤਣਾਅ ਵਿੱਚੋਂ ਗੁਜ਼ਰਦੇ ਹੋਏ ਸਾਡੀਆਂ ਪਰੰਪਰਿਕ ਕਦਰਾਂ ਕੀਮਤਾਂ ਤੋਂ ਕਿਉਂ ਵਾਂਝੇ ਹੋ ਰਹੇ ਹਨ? ਇਹ ਇੱਕ ਬਹੁਤ ਹੀ ਵਿਚਾਰਨਯੋਗ ਵਿਸ਼ਾ ਹੈ।

ਜੇ ਅਜੋਕੇ ਬੱਚਿਆਂ ਦੇ ਮੁਕਾਬਲੇ ਦੋ ਤਿੰਨ ਕੁ ਦਹਾਕੇ ਪੁਰਾਣੇ ਬੱਚਿਆਂ ਦੇ ਜੀਵਨ ਤੇ ਪੰਛੀ ਝਾਤ ਮਾਰੀਏ ਤਾਂ ਸਾਨੂੰ ਅੱਜ ਦੀ ਪ੍ਰਵਰਿਸ਼ ਵਿੱਚ ਕਈ ਕਮੀਆਂ ਲੱਗਣਗੀਆਂ। ਪੁਰਾਣੇ ਸਮੇਂ ਦਾ ਸਮਾਜਿਕ ਢਾਂਚਾ ਤੇ ਜੀਵਨ-ਸ਼ੈਲੀ ਅੱਜ ਨਾਲੋਂ ਬਿਲਕੁਲ ਵੱਖਰੀ ਸੀ। ਉਦੋਂ ਲੋਕਾਂ ਦੇ ਸੁਭਾਅ ਸਿੱਧੇ ਸਾਦੇ ਹੁੰਦੇ ਸਨ,ਸਾਂਝੇ ਪਰਿਵਾਰ ਅਤੇ ਆਪਸੀ ਭਾਈਚਾਰਕ ਸਾਂਝ ਹੁੰਦੀ ਸੀ। ਪਰਿਵਾਰਾਂ ਵਿੱਚ ਬੱਚਿਆਂ ਦੀ ਪਰਵਰਿਸ਼ ਵੀ ਉਸੇ ਤਰ੍ਹਾਂ ਕੀਤੀ ਜਾਂਦੀ ਸੀ ਜਿਸ ਵਿੱਚ ਕੋਈ ਦਿਖਾਵਾ ਜਾਂ ਮਹਿੰਗੇ ਸ਼ੌਂਕ ਨਹੀਂ ਸਨ। ਬੱਚਿਆਂ ਨੂੰ ਗਲਤੀ ਕਰਨ 'ਤੇ ਤੁਰੰਤ ਰੋਕ-ਟੋਕ ਹੁੰਦੀ ਸੀ, ਸਿਰਫ ਮਾਂ-ਪਿਉ ਵੱਲੋਂ ਹੀ ਨਹੀਂ ਸਗੋਂ ਆਂਢ ਗੁਆਂਢ ਦੇ ਵੱਡੇ ਵੀ ਬੱਚੇ ਨੂੰ ਟੋਕ ਸਕਦੇ ਸਨ। ਉਦੋਂ ਬੱਚਿਆਂ ਨੂੰ ਸ਼ਰਮ-ਹਯਾ ਤੇ ਲੋਕ-ਲਾਜ ਦਾ ਡਰ ਹੁੰਦਾ ਸੀ।ਛੋਟੀ ਉਮਰ ਤੋਂ ਹੀ ਖੇਤ, ਡੰਗਰ, ਛੋਟੇ ਭੈਣ-ਭਰਾ ਸੰਭਾਲਣ 'ਚ ਹੱਥ ਵਟਾਉਂਦੇ ਸਨ। ਮਿਹਨਤ ਕਰਨ ਨਾਲ ਬੱਚਿਆਂ ਵਿੱਚ ਉਤਸ਼ਾਹ ਪੈਦਾ ਹੁੰਦਾ ਸੀ, ਉਨ੍ਹਾਂ ਨੂੰ ਆਪਣੀ ਰੋਟੀ ਦੀ ਕੀਮਤ ਪਤਾ ਲੱਗਦੀ ਸੀ ਤੇ ਅਹਿਮ ਪੱਖ ਇਹ ਸੀ ਕਿ ਵਿਅਰਥ ਕੰਮਾਂ ਵਿੱਚ ਘੱਟ ਰੁਚੀ ਹੁੰਦੀ ਸੀ ਸੀ। ਘਰਦੇ ਵੱਡਿਆਂ ਨਾਲ ਗੁਰਦੁਆਰੇ, ਮੰਦਰ ਆਦਿ ਧਾਰਮਿਕ ਸਥਾਨਾਂ ਤੇ ਜਾਣਾ ਉਨ੍ਹਾਂ ਦੀ ਰੋਜ਼ਾਨਾ ਜੀਵਨ ਦਾ ਹਿੱਸਾ ਸੀ। ਉੱਥੇ ਗੁਰੂ ਸਾਹਿਬਾਨਾਂ ਦੀਆਂ ਸਾਖੀਆਂ, ਜਨਮ-ਸਾਖੀਆਂ, ਰਮਾਇਣ-ਮਹਾਂਭਾਰਤ ਆਦਿਕ ਵਿੱਚੋਂ ਧਾਰਮਿਕ ਕਹਾਣੀਆਂ ਸੁਣ ਕੇ ਸੱਚ, ਸੇਵਾ, ਕੁਰਬਾਨੀ ਦੇ ਪਾਠ ਮਿਲਦੇ ਸਨ। "ਜੋ ਬੀਜੋਗੇ, ਸੋ ਵੱਢੋਗੇ" ਵਰਗੇ ਸਿਧਾਂਤ ਬਚਪਨ ਤੋਂ ਹੀ ਮਨ 'ਚ ਬੈਠ ਜਾਂਦੇ ਸਨ। ਉਦੋਂ ਮੋਬਾਈਲ, ਟੀਵੀ, ਇੰਟਰਨੈੱਟ ਵਰਗੇ ਸਾਧਨ ਉਪਲਬਧ ਨਹੀਂ ਸਨ। ਨੁਕਸਾਨਦੇਹ ਕੰਟੈਂਟਾਂ ਤੱਕ ਉਨ੍ਹਾਂ ਦੀ ਪਹੁੰਚ ਹੀ ਨਹੀਂ ਸੀ ਬਲਕਿ ਖਾਲੀ ਸਮਾਂ ਖੇਡਾਂ, ਮੇਲਿਆਂ ਜਾਂ ਘਰ ਦੇ ਬਜ਼ੁਰਗਾਂ ਦੀ ਸੰਗਤ ਵਿੱ ਲੰਘਦਾ ਸੀ ਜਿਸ ਨਾ਼ਲ ਉਨ੍ਹਾਂ ਉੱਪਰ ਬਾਹਰੀ ਪ੍ਰਭਾਵ ਘੱਟ ਪੈਂਦਾ ਸੀ। ਉਨ੍ਹਾਂ ਸਮਿਆਂ ਵਿੱਚ ਬੱਚੇ ਆਪਣੇ ਅਧਿਆਪਕਾਂ ਅਤੇ ਬਜ਼ੁਰਗਾਂ ਦਾ ਸਤਿਕਾਰ ਕਰਦੇ ਸਨ। ਅਧਿਆਪਕ ਨੂੰ ਗੁਰੂ ਮੰਨਦੇ ਸਨ ਤੇ ਉਨ੍ਹਾਂ ਦਾ ਦਰਜਾ ਮਾਪਿਆਂ ਜਿੰਨਾ ਹੀ ਸੀ। ਉਸ ਸਮੇਂ ਅਧਿਆਪਕਾਂ ਦੀ ਮਾਰ ਨੂੰ ਵੀ ਪਿਆਰ ਸਮਝਿਆ ਜਾਂਦਾ ਸੀ। ਅਧਿਆਪਕਾਂ ਅੱਗੇ ਬੋਲਣ ਦੀ ਤਾਂ ਹਿੰਮਤ ਹੀ ਨਹੀਂ ਕਰ ਸਕਦੇ ਸਨ ਤੇ ਬਜ਼ੁਰਗਾਂ ਅੱਗੇ ਉੱਚੀ ਬੋਲਣਾ ਪਾਪ ਸਮਝਿਆ ਜਾਂਦਾ ਸੀ। ਇਸ ਸਭ ਨਾਲ ਬੱਚਿਆਂ ਦੀ ਜ਼ਿੰਦਗੀ ਵਿੱਚ ਅਨੁਸ਼ਾਸਨ ਆਪਣੇ-ਆਪ ਆ ਜਾਂਦਾ ਸੀ।

ਅਜੋਕੇ ਬੱਚੇ ਇਕਹਿਰੇ ਪਰਿਵਾਰਾਂ ਦੀ ਪ੍ਰਵਰਿਸ਼ ਹਨ।ਅਜੋਕੇ ਮਾਪਿਆਂ ਕੋਲ ਬੱਚਿਆਂ ਲਈ ਸਮੇਂ ਦੀ ਘਾਟ ਹੈ। ਦੋਵੇਂ ਮਾਂ ਬਾਪ ਕੰਮਕਾਜੀ ਹੋਣ ਕਰਕੇ ਉਹ ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਪਾਉਂਦੇ ਜਿਸ ਨਾਲ ਬੱਚੇ ਆਪਣੇ ਮਨ ਪਸੰਦ ਅਨੁਸਾਰ ਸਮਾਂ ਬਤੀਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਬਹੁਤ ਸਾਰੀਆਂ ਗਤੀਵਿਧੀਆਂ ਆਪਣੇ ਮਾਪਿਆਂ ਤੋਂ ਲੁਕਾ ਕੇ ਰੱਖਦੇ ਹਨ। ਮੋਬਾਈਲ ਫ਼ੋਨ ਤੇ ਆਪਣੇ ਮਨਪਸੰਦ ਦਾ ਕੰਟੈਂਟ ਵੇਖਦੇ ਹਨ ਜਿਨ੍ਹਾਂ ਵੱਲ ਮਾਪਿਆਂ ਦਾ ਬਹੁਤਾ ਧਿਆਨ ਨਹੀਂ ਜਾਂਦਾ। ਅੱਜ ਬੱਚਿਆਂ ਉੱਪਰ ਸੋਸ਼ਲ ਮੀਡੀਆ ਦਾ ਬਹੁਤ ਪ੍ਰਭਾਵ ਪੈ ਰਿਹਾ ਹੈ। ਮਾਪਿਆਂ ਕੋਲ ਬੱਚਿਆਂ ਵੱਲੋਂ ਵੇਖੇ ਜਾ ਰਹੇ ਕੰਟੈਂਟਾਂ ਦੀ ਨਜ਼ਰਸਾਨੀ ਕਰਨ ਲਈ ਐਨਾ ਸਮਾਂ ਨਹੀਂ ਹੁੰਦਾ ਜਿਸ ਕਾਰਨ ਕਈ ਵਾਰ ਬੱਚੇ ਆਪਣੀ ਉਮਰ ਦੇ ਹਿਸਾਬ ਦੀਆਂ ਗੱਲਾਂ ਨਾ ਵੇਖ ਕੇ ਗ਼ਲਤ ਚੀਜ਼ਾਂ ਵਿੱਚ ਦਿਲਚਸਪੀ ਲੈਂਦੇ ਹਨ, ਅੱਜ ਕੱਲ੍ਹ ਗਾਲੀ ਗਲੋਚ ਵਾ਼ਲੀਆਂ ਵੈੱਬ ਸੀਰੀਜ਼, ਹਿੰਸਕ ਅਤੇ ਅਸ਼ਲੀਲ ਸਮੱਗਰੀ ਉਨ੍ਹਾਂ ਤੱਕ ਆਸਾਨੀ ਨਾਲ ਪਹੁੰਚ ਰਹੀ ਹੈ। ਬੱਚੇ ਜੋ ਵੇਖਦੇ ਹਨ ਉਹੀ ਬਣਨ ਦੀ ਕੋਸ਼ਿਸ਼ ਕਰਦੇ ਹਨ। ਘਰ ਵਿੱਚ ਸਵੇਰ ਤੋਂ ਲੈਕੇ ਰਾਤ ਤੱਕ ਹਰ ਸਮੇਂ ਨੱਠ ਭੱਜ ਅਤੇ ਤੇਜ਼ ਰਫ਼ਤਾਰੀ ਦਾ ਮਾਹੌਲ ਹੋਣ ਕਰਕੇ ਮਾਤਾ ਪਿਤਾ ਦੇ ਆਪਸੀ ਝਗੜੇ ਦਾ ਵੀ ਬੱਚਿਆਂ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ। ਅਜੋਕੇ ਮਾਪੇ ਪੜ੍ਹੇ ਲਿਖੇ ਤਾਂ ਬਹੁਤ ਹਨ,ਉਹ ਬੱਚਿਆਂ ਨੂੰ ਵਧੀਆ ਤੋਂ ਵਧੀਆ ਸਕੂਲ ਵਿੱਚ ਦਾਖਲ ਕਰਵਾਉਂਦੇ ਹਨ, ਉਹਨਾਂ ਨੂੰ ਵਧੀਆ ਤੋਂ ਵਧੀਆ ਟਿਊਸ਼ਨ ਸੈਂਟਰ ਵਿੱਚ ਟਿਊਸ਼ਨ ਭੇਜਦੇ ਹਨ, ਉਹਨਾਂ ਦੀ ਹਰ ਸੁੱਖ ਸਹੂਲਤ ਉੱਤੇ ਖ਼ਰਚਾ ਵੀ ਦਿਲ ਖੋਲ੍ਹ ਕੇ ਕਰਦੇ ਹਨ, ਪਰ ਜੋ ਕੰਮ ਅਸਲ ਵਿੱਚ ਕਰਨਾ ਚਾਹੀਦਾ ਹੈ ਉਹ ਨਹੀਂ ਕਰਦੇ। ਬਦਕਿਸਮਤੀ ਨਾਲ ਉਹ ਪੈਸੇ ਨਾ਼ਲ ਖ਼ਰੀਦੀਆਂ ਸੁੱਖ ਸਹੂਲਤਾਂ ਨੂੰ ਹੀ ਵਧੀਆ ਪ੍ਰਵਰਿਸ਼ ਦਾ ਨਾਂ ਦੇ ਦਿੰਦੇ ਹਨ। ਕਈ ਬਹੁਤ ਪੜ੍ਹੇ ਲਿਖੇ ਮਾਪੇ ਨਾ ਤਾਂ ਆਪਣੇ ਵੱਡਿਆਂ ਨੂੰ ਨਾ਼ਲ ਰੱਖ ਕੇ ਖ਼ੁਸ਼ ਹੁੰਦੇ ਹਨ,ਜੇ ਕਿਤੇ ਰੱਖਣਾ ਵੀ ਪੈ ਜਾਏ ਤਾਂ ਉਹਨਾਂ ਨੂੰ ਬੋਝ ਸਮਝਦੇ ਹਨ ਤੇ ਉਨ੍ਹਾਂ ਨਾ਼ਲ ਅਮਾਨਵੀ ਵਰਤਾਰਾ ਕਰਦੇ ਹਨ,ਜਿਸ ਦਾ ਬੁਰਾ ਪ੍ਰਭਾਵ ਉਨ੍ਹਾਂ ਦੇ ਬੱਚਿਆਂ ਉੱਤੇ ਜ਼ਰੂਰ ਪੈਂਦਾ ਹੈ। ਅਜੋਕੇ ਮਾਪੇ ਜ਼ਿਆਦਾ ਪੜ੍ਹੇ ਲਿਖੇ ਹੋਣ ਕਰਕੇ ਆਪਣੇ ਬੱਚਿਆਂ ਸਾਹਮਣੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਪ੍ਰਤੀ ਆਲੋਚਨਾਤਮਕ ਰਵੱਈਆ ਅਪਣਾ ਕੇ ਉਨ੍ਹਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ ਨਾਲ ਬੱਚਿਆਂ ਦੇ ਮਨ ਵਿੱਚ ਵਿੱਦਿਆ ਦਾ ਮੰਦਰ ਕਹੇ ਜਾਣ ਵਾਲੇ ਸਕੂਲਾਂ ਅਤੇ 'ਗੁਰੂ' ਸਮਾਨ ਅਧਿਆਪਕਾਂ ਪ੍ਰਤੀ ਕੋਈ ਸਤਿਕਾਰ ਨਹੀਂ ਰਹਿ ਜਾਂਦਾ। ਕਈ ਵਾਰ ਬੱਚੇ ਅਤੇ ਮਾਪੇ ਅਧਿਆਪਕਾਂ ਨਾ਼ਲ ਦੁਰਵਿਵਹਾਰ ਕਰਦੇ ਹਨ ਤਾਂ ਸਮਾਂ ਪਾ ਕੇ ਉਹੀ ਬੱਚੇ ਆਪਣੇ ਮਾਪਿਆਂ ਤੇ ਭਾਰੂ ਪੈਂਦੇ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਬੱਚਿਆਂ ਵਿੱਚ ਅਧਿਆਪਕਾਂ ਅਤੇ ਵੱਡਿਆਂ ਪ੍ਰਤੀ ਸਤਿਕਾਰ ਘਟਦਾ ਹੈ।

ਵਿੱਦਿਆ ਵਿੱਚ ਵਪਾਰੀਕਰਨ ਵਧਣ ਨਾਲ ਇਸ ਸਭ ਲਈ ਕਿਤੇ ਨਾ ਕਿਤੇ ਅਧਿਆਪਕ ਵੀ ਜ਼ਿੰਮੇਵਾਰ ਹੁੰਦੇ ਹਨ। ਬੱਚਿਆਂ ਨੂੰ ਘਰਾਂ ਵਿੱਚ ਜਾ ਕੇ ਪੜ੍ਹਾਉਣ ਨਾ਼ਲ ਉਹਨਾਂ ਦੀ 'ਗੁਰੂ' ਵਾ਼ਲੀ ਸ਼ਖ਼ਸੀਅਤ ਖ਼ਤਮ ਹੋ ਕੇ ਇੱਕ "ਨੌਕਰ" ਵਾ਼ਲੀ ਸ਼ਵੀ ਬਣ ਜਾਂਦੀ ਹੈ ਜਿਸ ਨਾਲ ਬੱਚਿਆਂ ਅਤੇ ਮਾਪਿਆਂ ਦੇ ਮਨ ਵਿੱਚ ਉਨ੍ਹਾਂ ਪ੍ਰਤੀ ਸਤਿਕਾਰ ਦੀ ਭਾਵਨਾ ਘਟਦੀ ਹੈ। ਸਕੂਲਾਂ ਵਿੱਚ ਨੈਤਿਕ ਸਿੱਖਿਆ ਦੇ ਮੁਕਾਬਲੇ ਮਹਿੰਗੀ ਅਤੇ ਵਿਖਾਵੇ ਦੀ ਮੁਕਾਬਲੇਬਾਜ਼ੀ ਦੀ ਸਿੱਖਿਆ ਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ। ਇਸ ਨਾਲ ਦੋ ਚਾਰ ਬੱਚਿਆਂ ਵਿੱਚ ਉਤਸ਼ਾਹ ਤਾਂ ਆ ਜਾਂਦਾ ਹੈ ਪਰ ਬਾਕੀ ਬੱਚਿਆਂ ਵਿੱਚ ਹੀਣ ਭਾਵਨਾ ਅਤੇ ਮਾਨਸਿਕ ਤਣਾਅ ਵਧਦਾ ਹੈ ਜਿਸ ਨਾਲ ਬੱਚਿਆਂ ਵਿੱਚ ਚਿੜਚਿੜਾਪਣ ਅਤੇ ਹਿੰਸਕ ਪ੍ਰਵਿਰਤੀਆਂ ਉਤਪੰਨ ਹੁੰਦੀਆਂ ਹਨ।

ਬੱਚਿਆਂ ਵਿੱਚ ਵਧ ਰਹੀ ਅਨੈਤਿਕਤਾ ਉੱਤੇ ਸਾਡੇ ਸਮਾਜ ਦਾ ਵੀ ਪ੍ਰਭਾਵ ਪੈਂਦਾ ਹੈ। ਸਾਡੇ ਸਮਾਜ ਦਾ ਚਿਹਰਾ ਵੀ ਦਿਨੋ ਦਿਨ ਕਰੂਪ ਹੋ ਰਿਹਾ ਹੈ। ਪਹਿਲਾਂ ਕਿਤੇ ਕਦੇ ਕਦਾਈਂ ਕੋਈ ਹਿੰਸਕ ਘਟਨਾ ਹੁੰਦੀ ਸੀ ਤਾਂ ਬਹੁਤੇ ਸਾਧਨ ਨਾ ਹੋਣ ਕਰਕੇ ਬੱਚਿਆਂ ਤੱਕ ਇਹੋ ਜਿਹੀਆਂ ਗੱਲਾਂ ਨਹੀਂ ਪਹੁੰਚਦੀਆਂ ਸਨ। ਬੱਚਿਆਂ ਦੇ ਦਿਮਾਗ ਵਿੱਚ ਇੱਕ ਸਮਾਜ ਦੀ ਸਾਫ਼ ਸੁਥਰੀ ਤਸਵੀਰ ਹੀ ਹੁੰਦੀ ਸੀ। ਅੱਜ ਸਾਡੇ ਸਮਾਜ ਵਿੱਚ ਨਿੱਤ ਦਿਹਾੜੇ ਕਿਡਨੈਪਿੰਗ, ਬਲਾਤਕਾਰ, ਕਤਲੋਗਾਰਦ, ਲੁੱਟਾਂ ਖੋਹਾਂ ਆਦਿਕ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਉਨ੍ਹਾਂ ਨੂੰ ਸਾਡਾ ਮੀਡੀਆ ਤੰਤਰ ਐਨੀ ਕੁ ਵਾਰ ਦਿਖਾਉਂਦਾ ਹੈ ਕਿ ਉਹ ਗੱਲਾਂ ਬੱਚਿਆਂ ਦੇ ਦਿਮਾਗ ਵਿੱਚ ਘਰ ਕਰ ਜਾਂਦੀਆਂ ਹਨ ਤੇ ਉਨ੍ਹਾਂ ਦੀ ਮਾਨਸਿਕ ਸਥਿਤੀ ਤੇ ਦੁਰਪ੍ਰਭਾਵ ਪਾਉਂਦੀਆਂ ਹਨ। ਕਈ ਬੱਚੇ ਉਨ੍ਹਾਂ ਮਾੜੇ ਕਾਰਨਾਮਿਆਂ ਦੇ ਨਕਸ਼ੇ ਕਦਮ ਤੇ ਤੁਰਨਾ ਸ਼ੁਰੂ ਕਰ ਦਿੰਦੇ ਹਨ। ਬੱਚਿਆਂ ਵਿੱਚ ਅਨੈਤਿਕਤਾ ਪੈਦਾ ਕਰਨ ਵਿੱਚ ਲਈ ਸਾਡਾ ਸਮਾਜ ਤੇ ਮੀਡੀਆ ਤੰਤਰ ਵੀ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ।

ਬੱਚਿਆਂ ਵਿੱਚ ਵਧ ਰਹੀ ਅਨੈਤਿਕਤਾ ਉੱਤੇ ਕਾਬੂ ਪਾਉਣ ਲਈ ਘਰ ਅਤੇ ਸਕੂਲ ਵਿੱਚ ਨੈਤਿਕ ਸਿੱਖਿਆ ਨੂੰ ਪਹਿਲ ਦੇ ਅਧਾਰ ਤੇ ਮਹੱਤਵ ਦੇਣਾ ਪਵੇਗਾ। ਮਾਪਿਆਂ ਅਤੇ ਅਧਿਆਪਕਾਂ ਨੂੰ ਤਾਨਾਸ਼ਾਹੀ ਰਵੱਈਆ ਤਿਆਗ ਕੇ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਜੋ ਬੱਚੇ ਆਪਣੇ ਮਨ ਦੀ ਗੱਲ ਖੁੱਲ੍ਹ ਕੇ ਕਰ ਸਕਣ। ਮਾਪਿਆਂ ਨੂੰ ਬੱਚਿਆਂ ਨਾ਼ਲ ਕੁਝ ਸਮਾਂ ਸ਼ਾਂਤ ਮਾਹੌਲ ਵਿੱਚ ਬਿਤਾਉਣਾ ਚਾਹੀਦਾ ਹੈ ਤਾਂ ਜੋ ਰ਼ਲ ਮਿ਼ਲ ਕੇ ਹੱਸਿਆ ਖੇਡਿਆ ਜਾਵੇ ਅਤੇ ਆਪਣੇ ਦਿਲ ਦੀਆਂ ਸਾਂਝਾਂ ਪਾ ਕੇ ਪਿਆਰ ਭਰਿਆ ਵਾਤਾਵਰਨ ਪੈਦਾ ਕੀਤਾ ਜਾਵੇ। ਬੱਚਿਆਂ ਸਾਹਮਣੇ ਆਪਣੇ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕੀਤੀ ਜਾਣੀ ਚਾਹੀਦੀ ਹੈ। ਮਾਪਿਆਂ ਵੱਲੋਂ ਬੱਚਿਆਂ ਵਿੱਚ ਮੋਬਾਈਲ ਅਤੇ ਇੰਟਰਨੈੱਟ ਦੀ ਸੰਤੁਲਿਤ ਵਰਤੋਂ ਯਕੀਨੀ ਬਣਾਉਣੀ ਬਹੁਤ ਜ਼ਰੂਰੀ ਹੈ। ਉਹਨਾਂ ਵੱਲੋਂ ਖੇਡਾਂ, ਸਾਹਿਤਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਬੱਚਿਆਂ ਦੀ ਭਾਗੀਦਾਰੀ ਵਧਾਉਣੀ ਚਾਹੀਦੀ ਹੈ ਤਾਂ ਜੋ ਬੱਚਿਆਂ ਦਾ ਧਿਆਨ ਬੁਰੇ ਪਾਸੇ ਨਾ ਜਾਵੇ। ਅਧਿਆਪਕਾਂ, ਮਾਪਿਆਂ ਅਤੇ ਸਮਾਜ ਨੂੰ ਮਿਲ ਕੇ ਬੱਚਿਆਂ ਲਈ ਚੰਗਾ ਮਾਹੌਲ ਤਿਆਰ ਕਰਨਾ ਚਾਹੀਦਾ ਹੈ ,ਕਦੇ ਨਾ ਭੁੱਲੋ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਵਿੱਚ ਇਮਾਨਦਾਰੀ, ਅਨੁਸ਼ਾਸਨ, ਦਇਆ ਅਤੇ ਜ਼ਿੰਮੇਵਾਰੀ ਵਰਗੇ ਨੈਤਿਕ ਗੁਣ ਪੈਦਾ ਕਰਨਾ ਪਰਿਵਾਰ, ਸਕੂਲ ਅਤੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਸਹੀ ਮਾਰਗਦਰਸ਼ਨ ਅਤੇ ਚੰਗੇ ਸੰਸਕਾਰਾਂ ਨਾਲ ਅਸੀਂ ਇੱਕ ਨੈਤਿਕ, ਜ਼ਿੰਮੇਵਾਰ ਅਤੇ ਸੰਵੇਦਨਸ਼ੀਲ ਪੀੜ੍ਹੀ ਦਾ ਨਿਰਮਾਣ ਕਰ ਸਕਦੇ ਹਾਂ ਤੇ ਬੱਚਿਆਂ ਵਿੱਚ ਵਧਦੀ ਹੋਈ ਅਨੈਤਿਕਤਾ ਤੇ ਅੰਕੁਸ਼ ਲਗਾ ਸਕਦੇ ਹਾਂ।







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਜੰਗਲ-ਗਰੀਬੀ ਦਾ ਸਬੰਧ ਭਾਰਤ ਲਈ ਇੱਕ ਨਵਾਂ ਦ੍ਰਿਸ਼ਟੀਕੋਣ

ਭਾਰਤ ਵਿੱਚ ਜੰਗਲਾਂ ਦੀ ਸੁਰੱਖਿਆ ਅਤੇ ਗਰੀਬੀ ਦੇ ਖਾਤਮੇ ਨੂੰ ਅਕਸਰ ਦੋ ਵੱਖ-ਵੱਖ ਮੁੱਦਿਆਂ ਵਜੋਂ ਦੇਖਿਆ ਜਾਂਦਾ ਹੈ। ਇੱਕ ਪਾਸੇ ਵਾਤਾਵਰਣ ਪ੍ਰੇਮੀ ਜੰਗਲਾਂ ਦੀ ਰੱਖਿਆ ਦੀ ਗੱਲ ਕਰਦੇ ਹਨ, ਜਦਕਿ ਦੂਜੇ ਪਾਸੇ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪਰ ਅਸਲ ਵਿੱਚ ਇਹ ਦੋਵੇਂ ਮੁੱਦੇ ਆਪਸ ਵਿੱਚ ਗਹਿਰੇ ਤੌਰ 'ਤੇ ਜੁੜੇ ਹੋਏ ਹਨ। ਜੇ ਭਾਰਤ ਗਰੀਬੀ ਵਿਰੁੱਧ ਜੰਗ ਜਿੱਤ ਲੈਂਦਾ ਹੈ, ਤਾਂ ਉਹ ਆਪਣੇ ਜੰਗਲਾਂ ਦੀ ਬਿਹਤਰ ਸੁਰੱਖਿਆ ਵੀ ਕਰ ਸਕਦਾ ਹੈ।

ਭਾਰਤ ਦੇ ਲੱਖਾਂ ਲੋਕ, ਖਾਸ ਕਰਕੇ ਆਦਿਵਾਸੀ ਅਤੇ ਪੇਂਡੂ ਭਾਈਚਾਰੇ, ਆਪਣੀ ਰੋਜ਼ੀ-ਰੋਟੀ ਲਈ ਜੰਗਲਾਂ 'ਤੇ ਨਿਰਭਰ ਹਨ। ਇੰਧਨ ਲਈ ਲੱਕੜ, ਪਸ਼ੂਆਂ ਲਈ ਚਾਰਾ, ਜੜੀ-ਬੂਟੀਆਂ, ਸ਼ਹਿਦ, ਬਾਂਸ ਅਤੇ ਹੋਰ ਕਈ ਜੰਗਲੀ ਉਤਪਾਦ ਉਨ੍ਹਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਜਦੋਂ ਲੋਕ ਗਰੀਬ ਹੁੰਦੇ ਹਨ ਅਤੇ ਉਨ੍ਹਾਂ ਕੋਲ ਆਮਦਨ ਦੇ ਹੋਰ ਸਰੋਤ ਨਹੀਂ ਹੁੰਦੇ, ਤਾਂ ਉਹ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜੰਗਲਾਂ ਤੋਂ ਵੱਧ ਸਰੋਤ ਲੈਣ ਲਈ ਮਜਬੂਰ ਹੋ ਜਾਂਦੇ ਹਨ। ਇਸ ਨਾਲ ਜੰਗਲਾਂ 'ਤੇ ਦਬਾਅ ਵਧਦਾ ਹੈ ਅਤੇ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ।

ਇਹ ਸਥਿਤੀ ਇੱਕ ਦੁਸ਼ਚੱਕਰ ਪੈਦਾ ਕਰਦੀ ਹੈ। ਗਰੀਬੀ ਲੋਕਾਂ ਨੂੰ ਜੰਗਲਾਂ ਦੇ ਅਤਿ-ਵਰਤੋਂ ਵੱਲ ਧੱਕਦੀ ਹੈ, ਅਤੇ ਜੰਗਲਾਂ ਦਾ ਨਾਸ਼ ਉਨ੍ਹਾਂ ਦੀ ਜੀਵਿਕਾ ਨੂੰ ਹੋਰ ਕਮਜ਼ੋਰ ਕਰਦਾ ਹੈ। ਇਸ ਤਰ੍ਹਾਂ ਗਰੀਬੀ ਅਤੇ ਜੰਗਲਾਂ ਦੀ ਬਰਬਾਦੀ ਇੱਕ-ਦੂਜੇ ਨੂੰ ਹੋਰ ਵਧਾਉਂਦੀਆਂ ਹਨ।

ਭਾਰਤ ਦੇ ਜੰਗਲ ਸਿਰਫ਼ ਦਰੱਖਤਾਂ ਦਾ ਸਮੂਹ ਨਹੀਂ ਹਨ। ਇਹ ਜੈਵ-ਵਿਭਿੰਨਤਾ ਦੇ ਕੇਂਦਰ ਹਨ, ਜੋ ਹਜ਼ਾਰਾਂ ਪੌਦਿਆਂ ਅਤੇ ਜਾਨਵਰਾਂ ਨੂੰ ਆਸਰਾ ਦਿੰਦੇ ਹਨ। ਇਹ ਮੌਸਮੀ ਤਬਦੀਲੀ ਨਾਲ ਲੜਨ ਵਿੱਚ ਮਦਦ ਕਰਦੇ ਹਨ, ਕਾਰਬਨ ਨੂੰ ਸੋਖਦੇ ਹਨ, ਪਾਣੀ ਦੇ ਚੱਕਰ ਨੂੰ ਸੰਤੁਲਿਤ ਰੱਖਦੇ ਹਨ ਅਤੇ ਮਿੱਟੀ ਦੇ ਕਟਾਅ ਨੂੰ ਰੋਕਦੇ ਹਨ।

ਇਸ ਲਈ ਜੰਗਲਾਂ ਦੀ ਰੱਖਿਆ ਸਿਰਫ਼ ਵਾਤਾਵਰਣ ਦਾ ਮਸਲਾ ਨਹੀਂ, ਸਗੋਂ ਆਰਥਿਕ ਅਤੇ ਸਮਾਜਿਕ ਭਲਾਈ ਦਾ ਵੀ ਮਸਲਾ ਹੈ।ਜੰਗਲਾਂ ਦੀ ਸੁਰੱਖਿਆ ਲਈ ਸਭ ਤੋਂ ਪ੍ਰਭਾਵਸ਼ਾਲੀ ਰਾਹ ਗਰੀਬੀ ਘਟਾਉਣਾ ਹੈ। ਜਦੋਂ ਪੇਂਡੂ ਲੋਕਾਂ ਨੂੰ ਸਿੱਖਿਆ, ਸਿਹਤ ਸਹੂਲਤਾਂ, ਸਾਫ਼ ਊਰਜਾ ਅਤੇ ਰੁਜ਼ਗਾਰ ਦੇ ਮੌਕੇ ਮਿਲਦੇ ਹਨ, ਤਾਂ ਜੰਗਲਾਂ 'ਤੇ ਉਨ੍ਹਾਂ ਦੀ ਨਿਰਭਰਤਾ ਘੱਟ ਹੋ ਜਾਂਦੀ ਹੈ। ਉਦਾਹਰਨ ਵਜੋਂ, ਜੇ ਘਰਾਂ ਨੂੰ ਐਲਪੀਜੀ, ਬਾਇਓਗੈਸ ਜਾਂ ਸੂਰਜੀ ਊਰਜਾ ਮਿਲੇ, ਤਾਂ ਇੰਧਨ ਲਈ ਲੱਕੜ ਕੱਟਣ ਦੀ ਲੋੜ ਘੱਟ ਪਵੇਗੀ।

ਇਸੇ ਤਰ੍ਹਾਂ, ਜੰਗਲ-ਆਧਾਰਿਤ ਉਦਯੋਗਾਂ ਨੂੰ ਉਤਸ਼ਾਹਿਤ ਕਰਕੇ ਲੋਕਾਂ ਦੀ ਆਮਦਨ ਵਧਾਈ ਜਾ ਸਕਦੀ ਹੈ। ਸ਼ਹਿਦ, ਬਾਂਸ, ਔਸ਼ਧੀ ਪੌਦਿਆਂ ਅਤੇ ਹੋਰ ਗੈਰ-ਲੱਕੜੀ ਜੰਗਲੀ ਉਤਪਾਦਾਂ ਦੀ ਪ੍ਰੋਸੈਸਿੰਗ ਅਤੇ ਮਾਰਕੀਟਿੰਗ ਨਾਲ ਪੇਂਡੂ ਲੋਕਾਂ ਨੂੰ ਟਿਕਾਊ ਰੁਜ਼ਗਾਰ ਮਿਲ ਸਕਦਾ ਹੈ। ਇਸ ਨਾਲ ਉਹ ਜੰਗਲਾਂ ਨੂੰ ਕੱਟਣ ਦੀ ਬਜਾਏ ਉਨ੍ਹਾਂ ਦੀ ਰੱਖਿਆ ਕਰਨ ਵਿੱਚ ਦਿਲਚਸਪੀ ਲੈਣਗੇ।ਸਥਾਨਕ ਭਾਈਚਾਰਿਆਂ ਨੂੰ ਜੰਗਲ ਪ੍ਰਬੰਧਨ ਵਿੱਚ ਭਾਗੀਦਾਰ ਬਣਾਉਣਾ ਵੀ ਬਹੁਤ ਮਹੱਤਵਪੂਰਨ ਹੈ। ਜਦੋਂ ਲੋਕਾਂ ਨੂੰ ਜੰਗਲਾਂ ਦੀ ਸੰਭਾਲ ਦਾ ਅਧਿਕਾਰ ਅਤੇ ਲਾਭ ਦੋਵੇਂ ਮਿਲਦੇ ਹਨ, ਤਾਂ ਉਹ ਉਨ੍ਹਾਂ ਦੀ ਰੱਖਿਆ ਵਧੇਰੇ ਜ਼ਿੰਮੇਵਾਰੀ ਨਾਲ ਕਰਦੇ ਹਨ। ਭਾਰਤ ਦੇ ਕਈ ਖੇਤਰਾਂ ਵਿੱਚ ਸਮੁਦਾਇਕ ਜੰਗਲ ਪ੍ਰਬੰਧਨ ਦੇ ਸਫਲ ਉਦਾਹਰਨਾਂ ਇਹ ਸਾਬਤ ਕਰ ਚੁੱਕੀਆਂ ਹਨ।

ਮੌਸਮੀ ਤਬਦੀਲੀ ਦੇ ਇਸ ਯੁੱਗ ਵਿੱਚ ਜੰਗਲਾਂ ਦੀ ਮਹੱਤਤਾ ਹੋਰ ਵੀ ਵਧ ਗਈ ਹੈ। ਜੇ ਜੰਗਲ ਸੁਰੱਖਿਅਤ ਰਹਿੰਦੇ ਹਨ, ਤਾਂ ਉਹ ਕਾਰਬਨ ਨਿਕਾਸ ਨੂੰ ਘਟਾਉਣ ਅਤੇ ਕੁਦਰਤੀ ਆਫ਼ਤਾਂ ਦੇ ਪ੍ਰਭਾਵ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਪਰ ਇਹ ਉਦੋਂ ਹੀ ਸੰਭਵ ਹੈ ਜਦੋਂ ਜੰਗਲਾਂ ਦੇ ਨੇੜੇ ਰਹਿਣ ਵਾਲੇ ਲੋਕ ਆਰਥਿਕ ਤੌਰ 'ਤੇ ਮਜ਼ਬੂਤ ਹੋਣ।

ਭਾਰਤ ਲਈ ਅਸਲ ਚੁਣੌਤੀ "ਵਿਕਾਸ ਬਨਾਮ ਜੰਗਲ" ਦੀ ਨਹੀਂ ਹੈ। ਚੁਣੌਤੀ ਇਹ ਹੈ ਕਿ ਵਿਕਾਸ ਨੂੰ ਇਸ ਤਰ੍ਹਾਂ ਅੱਗੇ ਵਧਾਇਆ ਜਾਵੇ ਕਿ ਲੋਕਾਂ ਦੀ ਜ਼ਿੰਦਗੀ ਵੀ ਸੁਧਰੇ ਅਤੇ ਕੁਦਰਤ ਵੀ ਸੁਰੱਖਿਅਤ ਰਹੇ।

ਗਰੀਬੀ ਦੇ ਖਾਤਮੇ ਅਤੇ ਜੰਗਲਾਂ ਦੀ ਰੱਖਿਆ ਨੂੰ ਇੱਕੋ ਨੀਤੀ ਦੇ ਦੋ ਪੱਖਾਂ ਵਜੋਂ ਦੇਖਣ ਦੀ ਲੋੜ ਹੈ।ਅੰਤ ਵਿੱਚ, ਭਾਰਤ ਦਾ ਭਵਿੱਖ ਉਸ ਦ੍ਰਿਸ਼ਟੀਕੋਣ ਵਿੱਚ ਹੈ ਜੋ ਮਨੁੱਖੀ ਵਿਕਾਸ ਅਤੇ ਵਾਤਾਵਰਣ ਸੁਰੱਖਿਆ ਨੂੰ ਇੱਕ-ਦੂਜੇ ਦਾ ਸਾਥੀ ਮੰਨਦਾ ਹੈ। ਜੇ ਅਸੀਂ ਗਰੀਬੀ ਵਿਰੁੱਧ ਜੰਗ ਜਿੱਤ ਲੈਂਦੇ ਹਾਂ, ਤਾਂ ਜੰਗਲਾਂ ਦੀ ਸੁਰੱਖਿਆ ਆਪਣੇ ਆਪ ਮਜ਼ਬੂਤ ਹੋ ਜਾਵੇਗੀ। ਇਸ ਤਰ੍ਹਾਂ ਭਾਰਤ ਇੱਕ ਹਰਿਆ-ਭਰਿਆ, ਖੁਸ਼ਹਾਲ ਅਤੇ ਟਿਕਾਊ ਭਵਿੱਖ ਵੱਲ ਵਧ ਸਕਦਾ ਹੈ।







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital
DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





SANJHI SOCH
ਮਨਜੀਤ ਸਿੰਘ ਧਾਲੀਵਾਲ
ਲੈਕਚਰਾਰ ਹਿਸਟਰੀ
ਸਰਕਾਰੀ ਸੈਕੰਡਰੀ ਸਕੂਲ
ਭੰਮੇ ਕਲਾਂ (ਮਾਨਸਾ)
9878608791

# "ਵੇਖਿਓ ਪੰਜਾਬੀਓ! ਕਿਤੇ ਫਰਦਾਂ ਚੋਂ ਸਾਡੇ ਨਾਮ ਈ ਨਾ ਗੁਆਚ ਜਾਣ"

ਅਸੀਂ ਪੰਜਾਬੀ ਹਾਂ... ਪਰ ਕੀ ਅਸੀਂ ਆਪਣੀ ਮਿੱਟੀ ਦੇ ਵੀ ਹਾਂ?
ਜ਼ਮੀਨ ਵਿਕਦੀ ਨਹੀਂ, ਪੀੜ੍ਹੀਆਂ ਦੀ ਅਮਾਨਤ ਹੁੰਦੀ ਹੈ
ਮਿੱਟੀ ਤੋਂ ਜੰਮੇ ਹਾਂ, ਮਿੱਟੀ 'ਤੇ ਜੀਉਂਦੇ ਹਾਂ ਅਤੇ ਅੰਤ ਵਿੱਚ ਮਿੱਟੀ ਵਿੱਚ ਹੀ ਮਿਲ ਜਾਣਾ ਹੈ। ਪਰ ਸਵਾਲ ਇਹ ਹੈ ਕਿ ਕੀ ਅਸੀਂ ਉਹ ਮਿੱਟੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾ ਕੇ ਜਾ ਰਹੇ ਹਾਂ?"

ਇਨਸਾਨ ਦੀ ਜ਼ਿੰਦਗੀ ਦਾ ਪਹਿਲਾ ਅਤੇ ਆਖਰੀ ਰਿਸ਼ਤਾ ਮਿੱਟੀ ਨਾਲ ਹੀ ਹੁੰਦਾ ਹੈ। ਸਾਡੇ ਜਨਮ ਤੋਂ ਪਹਿਲਾਂ ਵੀ ਮਿੱਟੀ ਸੀ, ਅੱਜ ਵੀ ਹੈ ਅਤੇ ਸਾਡੇ ਜਾਣ ਤੋਂ ਬਾਅਦ ਵੀ ਮਿੱਟੀ ਰਹੇਗੀ। ਪਰ ਇਹ ਉਹ ਮਿੱਟੀ ਨਹੀਂ ਜਿਸਨੂੰ ਅਸੀਂ ਅੱਜ ਖੇਤਾਂ ਵਿੱਚ ਸਮਤਲ, ਨਹਿਰਾਂ ਨਾਲ ਸਿੰਜੀ ਹੋਈ ਅਤੇ ਆਧੁਨਿਕ ਮਸ਼ੀਨਾਂ ਨਾਲ ਸਜੀ ਹੋਈ ਦੇਖਦੇ ਆਂ। ਇਸ ਰੂਪ ਪਿੱਛੇ ਸਾਡੇ ਦਾਦਿਆਂ-ਪਰਦਾਦਿਆਂ ਦੇ ਸਵੇਰੇ ਤਿੰਨ ਵਜੇ ਉੱਠ ਕੇ ਜੋਤੇ ਹਲ ਨੇ,ਉਹਨਾਂ ਦੀਆਂ ਜੰਗਲਾਂ,ਪਹਾੜਾਂ ਨੂੰ ਸਾਫ ਕਰਕੇ ਕੀਤੀਆਂ ਮਿਹਨਤਾਂ, ਸਿਰ ਤੋਂ ਪੈਰ ਦੀ ਅੱਡੀ ਤੱਕ ਵਹਿੰਦੇ ਪਸੀਨੇ ਦੀਆਂ ਬੂੰਦਾਂ ਅਤੇ ਅਨੇਕਾਂ ਕੁਰਬਾਨੀਆਂ ਦੱਬੀਆਂ ਪਈਆਂ ਨੇ।

ਪਰ ਅੱਜ ਹਾਲਾਤ ਇਹ ਨੇ ਕਿ ਬਹੁਤ ਸਾਰੇ ਨੌਜਵਾਨ ਆਪਣੇ ਖੇਤਾਂ ਦੀਆਂ ਵੱਟਾਂ ਤਾਂ ਦੂਰ, ਖੇਤ ਹੈ ਕਿਹੜੇ ਪਾਸੇ ਇਹ ਵੀ ਨਹੀਂ ਜਾਣਦੇ। ਉਹ ਸਮਝਦੇ ਨੇ ਕਿ ਪਤਾ ਨੀ ਕਿਉਂ ਬਾਪੂ (ਦਾਦਾ) ਮੰਜੇ 'ਤੇ ਬੈਠਾ ਐਵੇਂ ਈ ਕਰਦਾ ਰਹਿੰਦੈ,ਪੁੱਤ ਖੇਤ ਗੇੜਾ ਮਾਰ ਆਇਆ ਕਰ,ਦੱਸ ਕੀ ਅੰਬ ਲੱਗੇ ਨੇ ਖੇਤ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਕਦੇ ਇਹ ਧਰਤੀ ਝਾੜੀਆਂ, ਟਿੱਬਿਆਂ ਅਤੇ ਜੰਗਲਾਂ ਨਾਲ ਭਰੀ ਹੋਈ ਸੀ, ਜਿਸਨੂੰ ਸਾਡੇ ਪੁਰਖਿਆਂ ਨੇ ਆਪਣੀ ਮਿਹਨਤ ਨਾਲ ਸੋਨਾ ਬਣਾਇਆ।

ਅੱਜ ਪੰਜਾਬ ਦੀ ਸਭ ਤੋਂ ਵੱਡੀ ਚਿੰਤਾ ਜਿੱਥੇ ਨਸ਼ਾ,ਬੇਰੁਜ਼ਗਾਰੀ ਏ ਉਸ ਤੋਂ ਵੀ ਜਿਆਦਾ ਜ਼ਮੀਨ ਪ੍ਰਤੀ ਘਟਦਾ ਮੋਹ ਏ। ਜਦੋਂ ਜ਼ਮੀਨ ਸਿਰਫ਼ ਵੇਚਣ ਵਾਲੀ ਜਾਇਦਾਦ ਬਣ ਜਾਵੇ ਅਤੇ ਵਿਰਸਾ ਨਾ ਰਹੇ, ਤਾਂ ਸਮਝੋ ਕੌਮ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਰਹੀ ਹੈ।

ਕੇਰਾਂ ਇੱਕ ਬਜੁਰਗ ਨੇ ਸੁਤੇ ਸੁਭਾਅ ਈ ਗੱਲ ਕਹੀ ਸੀ,ਜੋ ਦਿਲ ਨੂੰ ਲੱਗ ਗਈ,ਉਹ ਕਹਿੰਦਾ, "ਤੂੜੀ ਦੀ ਭਰੀ ਹੋਈ ਸਵਾਤ (ਤੂੜੀ ਵਾਲਾ ਕਮਰਾ) ਇੱਕ-ਇੱਕ ਟੋਕਰਾ ਕਰਕੇ ਸਾਲ ਵਿੱਚ ਖਾਲੀ ਹੋ ਜਾਂਦੀ ਏ, ਤੇ ਵੇਚੀ ਹੋਈ ਜ਼ਮੀਨ ਦਾ ਪੈਸਾ ਵੀ ਇੱਕ-ਇੱਕ ਗੁੱਟੀ ਕਰਕੇ ਕੁਝ ਸਾਲਾਂ ਵਿੱਚ ਮੁੱਕ ਜਾਂਦਾ ਏ।" ਇਹ ਕਹਾਵਤ ਅੱਜ ਪਹਿਲਾਂ ਨਾਲੋਂ ਵੀ ਵੱਧ ਸੱਚ ਲੱਗਦੀ ਹੈ। ਜਮੀਨ ਵੇਚ ਕੇ ਆਈ ਰਕਮ ਕੁਝ ਸਾਲਾਂ ਵਿੱਚ ਕਾਰਾਂ, ਕੋਠੀਆਂ, ਵਿਦੇਸ਼ੀ ਟੂਰਾਂ ਅਤੇ ਦਿਖਾਵੇ ਦੀ ਭੇਟ ਚੜ੍ਹ ਜਾਂਦੀ ਏ, ਪਰ ਉਹ ਜਮੀਨ ਕਦੇ ਨੀ ਮੁੜਦੀ। ਹਾਂ ਜੇਕਰ ਕਿਸੇ ਆਪਣੇ ਬੱਚੇ ਨੂੰ ਕੋਈ ਬਿਮਾਰੀ ਆਦਿ ਘੇਰ ਲਵੇ ਤਾਂ ਜਮੀਨ ਵੇਚਣੀ ਵੀ ਪੈ ਸਕਦੀ ਏ,ਪਰ ਐਸ਼ੋ-ਅਰਾਮ,ਵੱਡੀਆਂ ਕੋਠੀਆਂ,ਵੱਡੀਆਂ ਕਾਰਾਂ,ਬੁਲਟਾਂ ਤੇ ਮਹਿੰਗੇ ਵਿਆਹਾਂ,ਮਹਿੰਗੇ ਭੋਗਾਂ,ਮਹਿੰਗੇ ਫੋਨਾਂ ਲਈ ਜਮੀਨ ਵੇਚਣੀ,ਸਿਰਫ ਆਪਣੇ ਹਉਮੇ ਨੂੰ ਪੱਠੇ ਪਾਉਣ ਵਾਲੀ ਗੱਲ ਏ।

ਪੰਜਾਬੀਓ ਇੱਕ ਦੂਜੇ ਨੂੰ ਸਮਝਾਓ ਬੀ ਇਹਨਾਂ ਫੁਕਰਪੁਣਿਆਂ ਚ ਕੁਸ਼ ਨੀ ਪਿਆ,ਜੇ ਕੋਈ ਜਮੀਨ ਵੇਚ ਕੇ ਵਿਤ ਨਾਲੋਂ ਵੱਧ ਖਰਚ ਕਰਦਾ ਏ ਉਹਨੂੰ ਸਮਝਾਓ ਬੀ ਇਹ ਵਿਆਹ,ਭੋਗ ਇੱਕ ਦੋ ਦਿਨਾਂ ਚ ਲੰਘ ਜਾਣਾ ਏ,ਪਰ ਵੇਚੀ ਪੈਲ਼ੀ ਮੁੜ ਨੀ ਜੁੜਨੀ।

ਅੰਕੜੇ ਵੀ ਚਿੰਤਾ ਵਧਾਉਂਦੇ ਨੇ। ਭਾਰਤ ਦੀ 2015-16 ਦੀ ਖੇਤੀਬਾੜੀ ਜਨਗਣਨਾ ਮੁਤਾਬਕ ਦੇਸ਼ ਵਿੱਚ ਔਸਤ ਜੋਤ ਲਗਭਗ 1.08 ਹੈਕਟੇਅਰ (ਕਰੀਬ 2.7 ਏਕੜ) ਰਹਿ ਗਈ ਹੈ। ਹਰ ਪੀੜ੍ਹੀ ਨਾਲ ਜ਼ਮੀਨ ਹੋਰ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਦੀ ਜਾ ਰਹੀ ਹੈ।

ਪੰਜਾਬ ਵਿੱਚ ਵੀ ਹਜ਼ਾਰਾਂ ਏਕੜ ਖੇਤੀਯੋਗ ਜ਼ਮੀਨ ਹਰ ਸਾਲ ਰਿਹਾਇਸ਼ੀ ਕਲੋਨੀਆਂ, ਉਦਯੋਗਿਕ ਪ੍ਰੋਜੈਕਟਾਂ ਅਤੇ ਗੈਰ-ਖੇਤੀ ਵਰਤੋਂ ਵਿੱਚ ਤਬਦੀਲ ਹੋ ਰਹੀ ਹੈ। ਇਸਦਾ ਮਤਲਬ ਸਾਫ਼ ਹੈ—ਜਿਸ ਰਫ਼ਤਾਰ ਨਾਲ ਜ਼ਮੀਨ ਘਟ ਰਹੀ ਹੈ, ਉਸ ਰਫ਼ਤਾਰ ਨਾਲ ਵਧ ਨਹੀਂ ਸਕਦੀ। ਧਰਤੀ ਤਾਂ ਓਨੀ ਈ ਰਹੂ,ਇਹ ਤਾਂ ਨੀ ਵਧਦੀ।

ਸਾਡਾ ਸਮਾਜ ਵੀ ਬਦਲ ਗਿਆ ਹੈ। ਕਦੇ ਸਾਦਗੀ ਸਾਡੀ ਪਛਾਣ ਸੀ। ਕੁੜਤਾ-ਚਾਦਰਾ, ਖੁੱਲ੍ਹਾ ਵਿਹੜਾ, ਸਬਾਤਾਂ, ਵਰਾਂਡੇ ਅਤੇ ਰਿਸ਼ਤਿਆਂ ਦੀ ਨਿੱਘ—ਇਹੀ ਸਾਡੀ ਅਸਲ ਦੌਲਤ ਸੀ। ਅੱਜ ਵੱਡੀਆਂ ਕੋਠੀਆਂ ਨੇ, ਪਰ ਵਿਹੜੇ ਨਹੀਂ; ਮਹਿੰਗੀਆਂ ਕਾਰਾਂ ਨੇ, ਪਰ ਚੈਨ ਨਹੀਂ; ਬ੍ਰਾਂਡਡ ਕੱਪੜੇ ਨੇ, ਪਰ ਸੰਤੋਖ ਨਹੀਂ।

ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅਸੀਂ ਦਿਖਾਵੇ ਨੂੰ ਇੱਜ਼ਤ ਸਮਝ ਬੈਠੇ ਹਾਂ। ਵਿਆਹਾਂ ਵਿੱਚ ਲੱਖਾਂ ਰੁਪਏ ਖਰਚ ਕਰਨਾ, ਮੌਤਾਂ 'ਤੇ ਵੀ ਸ਼ਾਨੋ-ਸ਼ੌਕਤ ਦਿਖਾਉਣਾ, ਵਿਆਹ ਚ ਫੇਰ ਵੀ ਮੰਨਿਆ ਚਲੋ ਖੁਸ਼ੀ ਏ,ਪਰ ਮਰਨੇ ਦੇ ਭੋਗ ਤੇ ਜਦੋਂ ਸਾਡੇ ਘਰ ਦਾ ਜੀਅ ਚਲਾ ਗਿਆ,ਉਹਦੇ ਚ ਕੀ ਵਖਾਵਾ ਕਰਨਾ,ਬੇਸ਼ੱਕ ਮਰਨ ਵਾਲਾ ਬਜੁਰਗ ਸੀ ਪਰ ਸੀ ਤਾਂ ਘਰ ਦਾ ਜੀਅ,ਜਿਸ ਨੇ ਕਦੇ ਬੜੀਆਂ ਨਾਲ ਹਲ ਜੋਤੇ ਸੀ।

ਹਰ ਮਹੀਨੇ ਬਿਨਾਂ ਜਰੂਰਤ ਤੋਂ ਨਵੇਂ ਕੱਪੜੇ ਖਰੀਦਣਾ ਅਤੇ ਬ੍ਰਾਂਡਡ ਚੀਜ਼ਾਂ ਨੂੰ ਸਟੇਟਸ ਸਮਝਣਾ ਇਹ ਸਭ ਸਾਡੀ ਕਮਾਈ ਨਹੀਂ, ਸਾਡੀ ਸੋਚ ਨੂੰ ਖਾ ਰਿਹਾ ਏ।

ਕਾਰਪੋਰੇਟ ਕੰਪਨੀਆਂ ਨੇ ਸਾਨੂੰ ਇਹ ਯਕੀਨ ਦਿਵਾ ਦਿੱਤਾ ਕਿ ਜਿੰਨਾ ਜ਼ਿਆਦਾ ਖਰਚੋਗੇ, ਉਨਾਂ ਪੈਸੇ ਦਾ ਸਰਕਲ ਚੱਲੇਗਾ।ਚਲੋ ਗੱਲ ਠੀਕ ਵੀ ਏ,ਪਰ ਫਾਲਤੂ ਖਰਚ ਕਿਉਂ? ਸੇਲਾਂ ਦੇ ਨਾਂ 'ਤੇ ਸਾਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਅਸੀਂ ਸਸਤਾ ਖਰੀਦ ਕੇ ਕੋਈ ਜੰਗ ਜਿੱਤ ਲਈ ਏ,ਪਰ ਜਿੰਨਾਂ ਚੀਜਾਂ ਦੀ ਸਾਨੂੰ ਜਰੂਰਤ ਵੀ ਨਹੀਂ ਹੁੰਦੀ ਲਾਲਚ ਚ ਉਹ ਵੀ ਖਰੀਦ ਲੈਂਦੇ ਹਾਂ, ਜਦਕਿ ਅਸਲ ਵਿੱਚ ਸਾਡੀਆਂ ਜੇਬਾਂ ਅਤੇ ਹੌਲੀ-ਹੌਲੀ ਸਾਡੀਆਂ ਜ਼ਮੀਨਾਂ ਖਾਲੀ ਹੋ ਰਹੀਆਂ ਹੁੰਦੀਆਂ ਨੇ।

ਸਭ ਤੋਂ ਵੱਡਾ ਦੁੱਖ ਇਹ ਹੈ ਕਿ ਅੱਜ ਦਾ ਨੌਜਵਾਨ ਛੁੱਟੀਆਂ ਵਿੱਚ ਆਪਣੇ ਖੇਤਾਂ ਦੀ ਮੋਟਰ 'ਤੇ ਬੈਠਣ ਦੀ ਬਜਾਏ ਮਾਲਾਂ, ਫਿਲਮਾਂ ਅਤੇ ਪਹਾੜਾਂ ਨੂੰ ਤਰਜੀਹ ਦਿੰਦਾ ਹੈ। ਪਹਾੜਾਂ ਚ ਜਾ ਜਦੋਂ ਆਪਣੇ ਲੋਕ ਗਾਰਾ ਸ਼ਰੀਰ ਤੇ ਮਲ ਕੇ ਕਹਿੰਦੇ ਨੇ ਕਿ ਉਹ ਇੱਥੇ ਮੱਡ ਬਾਥ (ਸਰੀਰ ਤੇ ਗਾਰਾ ਮਲਣਾ) ਲੈਣ ਆਏ ਨੇ,ਉਨਾਂ ਵਿਚਾਰਿਆਂ ਨੂੰ ਕੀ ਪਤਾ ਝੋਨਾ ਲਾਉਣ ਵੇਲੇ ਖੇਤਾਂ ਚ ਮੱਡ ਈ ਮੱਡ ਹੁੰਦਾ,ਫਰੀ ਚ ਜਿੰਨਾਂ ਮਰਜੀ ਲਿਟੋ। ਉਸਨੂੰ ਇਹ ਨਹੀਂ ਪਤਾ ਕਿ ਜਿਸ ਪੈਸੇ ਨਾਲ ਉਹ ਇਹ ਸਭ ਕਰ ਰਿਹਾ ਹੈ, ਉਸਦੀ ਜੜ੍ਹ ਉਸਦੇ ਖੇਤਾਂ ਵਿੱਚ ਹੈ। ਜਿੰਨੀ ਧਰਤੀ ਆਪਣੀ ਹੁੰਦੀ ਹੈ, ਉੱਨਾ ਹੀ ਅਸਮਾਨ ਵੀ ਆਪਣਾ ਹੁੰਦਾ ਹੈ।ਕਦੇ ਵਿਹਲੀ ਪਈ ਜਮੀਨ ਚ ਲਿਟ ਕੇ ਅਸਮਾਨ ਵੱਲ ਵੇਖਿਓ,ਸਾਰਾ ਅਸਮਾਨ ਆਪਣਾ ਈ ਲੱਗੂ। ਜ਼ਮੀਨ ਸਿਰਫ਼ ਰੋਟੀ ਨਹੀਂ ਦਿੰਦੀ, ਇਹ ਇੱਜ਼ਤ, ਪਛਾਣ ਅਤੇ ਆਜ਼ਾਦੀ ਵੀ ਦਿੰਦੀ ਹੈ।

ਸਾਡੇ ਬਜ਼ੁਰਗਾਂ ਨੇ ਇੱਕੋ ਜੋੜਾ ਕੱਪੜਾ ਤੇ ਜੁੱਤੇ ਪਾ ਕੇ ਸਾਲਾਂ ਦੇ ਸਾਲ ਕੱਢ ਦਿੱਤੇ, ਪਰ ਜ਼ਮੀਨ ਨਹੀਂ ਵੇਚੀ। ਉਨ੍ਹਾਂ ਨੇ ਧੁੱਪਾਂ, ਮੀਂਹ ਅਤੇ ਠੰਢਾਂ ਸਹਾਰੀਆਂ, ਪਰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਜ਼ਬੂਤ ਨੀਂਹ ਦਿੱਤੀ।

ਕਹਾਵਤ ਹੈ, "ਪਿਉ-ਦਾਦਿਆਂ ਦੀ ਕਮਾਈ ਵੇਚਣੀ ਸੌਖੀ, ਬਣਾਉਣੀ ਬਹੁਤ ਔਖੀ।" ਇਹ ਗੱਲ ਹਰ ਨੌਜਵਾਨ ਨੂੰ ਯਾਦ ਰੱਖਣੀ ਚਾਹੀਦੀ ਹੈ। ਵੇਚੀ ਹੋਈ ਜ਼ਮੀਨ ਮੁੜ ਨਹੀਂ ਆਉਂਦੀ, ਪਰ ਕੀਤੀ ਹੋਈ ਗਲਤੀ ਜ਼ਰੂਰ ਪਛਤਾਵਾ ਬਣ ਕੇ ਵਾਪਸ ਆਉਂਦੀ ਹੈ।

ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਪੰਜਾਬੀ ਹੋਣਾ ਸਿਰਫ਼ ਉੱਚੀ ਆਵਾਜ਼ ਵਿੱਚ "ਅਸੀਂ ਪੰਜਾਬੀ ਹੁੰਨੇ ਆਂ ਪੰਜਾਬੀ" ਕਹਿਣ ਨਾਲ ਸਾਬਤ ਨਹੀਂ ਹੁੰਦਾ। ਪੰਜਾਬੀ ਉਹ ਏ ਜੋ ਮਿੱਟੀ ਨਾਲ ਪਿਆਰ ਕਰੇ, ਹਲ ਅਤੇ ਖੇਤ ਦੀ ਇੱਜ਼ਤ ਕਰੇ, ਆਪਣੇ ਵਿਰਸੇ ਨੂੰ ਸੰਭਾਲੇ ਅਤੇ ਅਗਲੀ ਪੀੜ੍ਹੀ ਨੂੰ ਇਹ ਅਮਾਨਤ ਸੁਰੱਖਿਅਤ ਦੇਵੇ। ਜੇ ਜ਼ਮੀਨ ਹੀ ਨਾ ਰਹੀ ਤਾਂ ਫਿਰ ਪੰਜਾਬੀਪੁਣਾ ਵੀ ਸਿਰਫ਼ ਗੀਤਾਂ ਅਤੇ ਸੋਸ਼ਲ ਮੀਡੀਆ ਦੀਆਂ ਪੋਸਟਾਂ ਤੱਕ ਹੀ ਸੀਮਤ ਰਹਿ ਜਾਵੇਗਾ।

ਅੱਜ ਵੀ ਸਮਾਂ ਹੈ। ਆਪਣੀ ਮਿੱਟੀ ਬੱਚਿਆਂ ਨੂੰ ਪਿਆਰ ਕਰਨਾ ਸਿਖਾਈਏ। ਸਿਰਾਂ ਦੇ ਮੁੱਲ ਦੇ ਕੇ ਆਪਣੇ ਖੂਨ ਨਾਲ ਸਿੰਜੀਆਂ ਜਮੀਨਾਂ ਦਾ ਇਤਿਹਾਸ ਆਪਣੇ ਬੱਚਿਆਂ ਨੂੰ ਦੱਸੀਏ,ਕਿਸੇ ਮਹਿੰਗੇ ਹੋਟਲ ਚ ਖਾਧੇ ਪੀਜੇ,ਬਰਗਰ ਦੀ ਫੋਟੋ ਸ਼ੋਸ਼ਲ ਮੀਡੀਆ 'ਤੇ ਪਾਉਣ ਦੀ ਬਜਾਇ,ਖੇਤ 'ਚ ਇੱਟਾਂ ਦਾ ਚੁੱਲਾ ਬਣਾ ਕੇ, ਲੱਕੜਾਂ ਨਾਲ ਬਣੀ ਗੁੜ ਦੀ ਚਾਹ ਤੇ ਚਟਣੀ ਨਾਲ ਭੂਪਨਾ (ਰੋਟੀ ਫੋਲਡ ਕਰਕੇ) ਬਣਾ ਕੇ ਖਾਦੀ ਰੋਟੀ ਦੀਆਂ ਫੋਟੋਆਂ ਪਾਈਏ ਤੇ ਅਜਿਹੀਆਂ ਫੋਟੋਆਂ ਨੂੰ ਵੱਧ ਤੋਂ ਵੱਧ ਸ਼ੇਅਰ ਕਰੀਏ ਤਾਂ ਕਿ ਆਪਣੀ ਆਉਣ ਵਾਲੀ ਪੀੜੀ ਨੂੰ ਖੇਤਾਂ ਨਾਲ ਜੋੜ ਸਕੀਏ। ਆਪਣੀ ਬੋਲੀ, ਆਪਣੇ ਵਿਰਸੇ ਅਤੇ ਆਪਣੇ ਪੰਜਾਬ ਨੂੰ ਸੰਭਾਲੋ ਪੰਜਾਬਿਓ। ਬੱਚਿਆਂ ਨੂੰ ਖੇਤਾਂ ਨਾਲ ਜੋੜੋ। ਉਨ੍ਹਾਂ ਨੂੰ ਦੱਸੋ ਕਿ ਇਹ ਜ਼ਮੀਨ ਸਿਰਫ਼ ਰਕਬਾ ਨਹੀਂ, ਸਗੋਂ ਉਨ੍ਹਾਂ ਦੇ ਪੁਰਖਿਆਂ ਦੀਆਂ ਅਰਦਾਸਾਂ, ਮਿਹਨਤ ਅਤੇ ਕੁਰਬਾਨੀਆਂ ਦਾ ਨਤੀਜਾ ਹੈ।

ਯਾਦ ਰੱਖੋ ਜ਼ਮੀਨ ਵੇਚ ਕੇ ਅਮੀਰ ਹੋਣਾ ਕੁਝ ਸਮੇਂ ਦੀ ਗੱਲ ਹੈ, ਪਰ ਜ਼ਮੀਨ ਬਚਾ ਕੇ ਰੱਖਣਾ ਪੀੜ੍ਹੀਆਂ ਨੂੰ ਅਮੀਰ ਬਣਾਉਂਦਾ ਹੈ।

ਅੰਤ ਵਿੱਚ ਸਿਰਫ਼ ਇੱਕ ਗੱਲ

"ਜਿਸ ਦਿਨ ਪੰਜਾਬੀਆਂ ਨੇ ਆਪਣੀ ਮਿੱਟੀ (ਜਮੀਨ) ਕੋਰਪੋਰੇਟਰਾਂ ਵੇਚਣੀ ਛੱਡ ਦਿੱਤੀ, ਉਸ ਦਿਨ ਪੰਜਾਬ ਦਾ ਭਵਿੱਖ ਮੁੜ ਲਿਖਿਆ ਜਾਵੇਗਾ। ਕਿਉਂਕਿ ਮਿੱਟੀ ਸਿਰਫ਼ ਧਰਤੀ ਨਹੀਂ ਹੁੰਦੀ, ਉਹ ਕੌਮ ਦੀ ਪਛਾਣ, ਸਵੈਮਾਣ ਅਤੇ ਆਉਣ ਵਾਲੀਆਂ ਨਸਲਾਂ ਦਾ ਸਭ ਤੋਂ ਵੱਡਾ ਖ਼ਜ਼ਾਨਾ ਹੁੰਦੀ ਹੈ।" ਕੋਰਪੋਰੇਟਰਾਂ ਕੋਲ ਅਜੇ ਸਿਰਫ ਇੰਟਰਨੈੱਟ ਏ,ਤੇ ਜੇ ਦੋ-ਚਾਰ ਘੰਟੇ ਨੈੱਟ ਨਾ ਚੱਲੇ ਤਾਂ ਐਂ ਲਗਦੈ ਬੀ ਜਾਨ ਈ ਨਾ ਨਿਕਲਜੇ, ਜੇ ਆਪਣੇ ਕੋਲ ਜਮੀਨ ਹੋਊ ਆਪਣੀ ਕਣਕ,ਛੋਲੇ,ਚਾਵਲ,ਸਬਜੀ ਪੈਦਾ ਕਰਕੇ ਪੇਟ ਤਾਂ ਭਰ ਲਓਗੇ,ਸੋਚੋ ਜੇ ਕੋਰਪੋਰੇਟਰਾਂ ਕੋਲ ਇਹ ਵੀ ਆ ਗਿਆ,ਤਾਂ ਸੋਚੋ ਭੁੱਖ ਦਿਨ 'ਚ ਤਿੰਨ ਵਾਰ ਲੱਗਦੀ ਏ,ਹੱਥ ਬੰਨਣੇ ਪੈਣਗੇ ਉਸੇ ਰਿਜਕ ਲਈ ਜਿਸ ਦੇ ਪੰਜਾਬੀ ਲੰਗਰ ਲਾਉਂਦੇ ਨੇ।

ਮਿੱਟੀ ਦੀ ਇਹ ਖਲਕਤ ਏ ਕਿ ਇਹ ਹਵਾ ਦੇ ਬੁੱਲੇ ਨਾਲ ਈ ਉੱਡ ਜਾਂਦੀ ਏ, 'ਨੀ ਮਿੱਟੀਏ ਵਾ ਲੱਗਿਆਂ ਉੱਡ ਜਾਣਾ', ਵੇਖਿਓ ਪੰਜਾਬੀਓ !ਕਿਤੇ ਇਹ ਨਾ ਹੋਵੇ ਫਰਦਾਂ ਚੋਂ ਸਾਡੇ ਨਾਮ ਈ ਗਵਾਚ ਜਾਣ।



WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ,
# ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
**Traki** ਨਾਲ.

INVOICE $

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ
ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ
ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ,
ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ
TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ
ਅੱਗੇ ਵਧੋ!

QR ਸਕੈਨ ਕਰੋ
ਤੇ Traki
ਡਾਊਨਲੋਡ ਕਰੋ
ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ,
ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ
ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ
ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ
ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# .ਗ਼ਜ਼ਲ

ਤੇਰੇ ਹੁੰਦਿਆਂ ਗ਼ਮ ਨਾ ਕੋਈ ਨਾ ਕੋਈ ਪਰਵਾਹ।
ਰਾਹਾਂ ਦੇ ਵਿਚ ਰਾਹ ਹੁੰਦੇ ਸੀ ਸਾਹਾਂ ਦੇ ਵਿਚ ਸਾਹ।
ਸਾਡੇ ਵਲੋਂ ਸਾਰੇ ਰਾਹ ਹੀ ਤੇਰੇ ਲਈ ਨੇ ਖੁੱਲ੍ਹੇ,
ਤੇਰੀ ਮਰਜ਼ੀ ਰਹਿ ਲੈ ਏਥੇ ਤੇਰੀ ਮਰਜ਼ੀ ਜਾਹ।
ਹਾਕਮ ਤੇਰੇ ਦੱਬਣ ਕਰਕੇ ਦੱਬਦੇ ਨਈਂ ਇਹ ਲੋਕੀਂ,
ਪੱਥਰਾਂ ਵਿੱਚੋਂ ਵੀਂ ਉਗ ਪੈਂਦੇ ਉਗਣ ਵਾਲੇ ਘਾਹ।
ਦੁਸ਼ਮਣ ਦੀ ਤਾਂ ਗੱਲ ਨਈਂ ਕੋਈ ਦੁਸ਼ਮਣ-ਦੁਸ਼ਮਣ ਹੁੰਦੇ,
ਅਪਣੇਂ ਜਦ ਵੀ ਗੱਲਾਂ ਕਰਦੇ ਲਗ ਜਾਂਦੀ ਹੈ ਢਾਹ।
ਦੂਰੀ ਪਾ ਕੇ ਦੂਰ ਰਵੋਂਗੇ ਤਾਂ ਹੀ ਬਚ ਸਕਦੇ ਹੋ,
ਗੰਦੇ ਬੰਦੇ ਨਾਲ ਪੈ ਜਾਵੇ ਜੇਕਰ ਗੰਦਾ ਵਾਹ।
ਕੰਢਿਆਂ ਵਾਲਾ ਰਸਤਾ ਏਧਰ, ਏਧਰ ਫਿਰ ਨਾ ਜਾਵੀਂ,
ਫਿਰ ਵੀ ਜੇ ਤੂੰ ਲੈਣਾ ਚਾਹੁੰਦਾ ਲੈ ਲੈ ਫਿਰ ਇਹ ਫਾਹ।
ਲੋਕੀਂ ਫੁੱਲਾਂ ਨੂੰ ਮਸਲਣ ਦਾ ਸਿਰਫ਼ ਇਰਾਦਾ ਰੱਖਦੇ,
ਖ਼ੁਸ਼ਬੂ ਤਕ ਕੇ ਲੈ ਲੈਂਦੇ ਨੇ ਪੂਰਾ ਪੂਰਾ ਲਾਹ।
ਵੇਖ ਅਦਾਲਤ ਵੀ ਵਿਕ ਜਾਂਦੀ ਪ੍ਰਸ਼ਾਸਨ ਵਿਕ ਜਾਂਦਾ,
ਅੰਦਰ ਖਾਤੇ ਰਿਸ਼ਵਤ ਲੈ ਕੇ ਮੁੱਕਰ ਜਾਣ ਗਵਾਹ।
ਖੰਜਰ ਉਹ ਕੁਝ ਕਰ ਨਈਂ ਸਕਦੇ ਜੋ ਕੁਝ ਇਹ ਕਰ ਜਾਂਦੇ,
ਹੰਝੂਆਂ ਵਿੱਚ ਕਰਾਂਤੀ ਆਵੇ ਸਭ ਕੁਝ ਕਰਨ ਤਬਾਹ।
ਬਾਲਮ ਚੰਗੇ ਕਰਮਾਂ ਕਰਕੇ ਨਾਮ ਸਦਾ ਹੈ ਰਹਿੰਦਾ,
ਵਰਨਾ ਮੁੱਠੀ ਭਰ ਰਹਿ ਜਾਂਦੀ ਧਰਤੀ ਕੋਲ ਸਵਾਹ।



SANJHI SOCH
ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

# ਤੇਰੀ ਚੜ੍ਹਦੀ ਜਵਾਨੀ

ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਅਦਾਵਾਂ ਤੇਰੀਆਂ ਨੇ ਬਿੱਲੋ, ਜੱਗ ਪੱਟਿਆ ਏ ਸਾਰਾ,
ਜਿੱਥੋਂ ਲੰਘੇਂ ਇੱਕੋ ਵਾਰੀ, ਹੁੰਦਾ ਵਖਰਾ ਨਜ਼ਾਰਾ।
ਅਦਾਵਾਂ ਤੇਰੀਆਂ ਨੇ ਬਿੱਲੋ, ਜੱਗ ਪੱਟਿਆ ਏ ਸਾਰਾ,
ਜਿੱਥੋਂ ਲੰਘੇਂ ਇੱਕੋ ਵਾਰੀ, ਹੁੰਦਾ ਵਖਰਾ ਨਜ਼ਾਰਾ।
ਛੱਡ ਜਾਵੇਂ ਦਿਲਾਂ ਉੱਤੇ, ਇੱਕ ਵੱਖਰੀ ਨਿਸ਼ਾਨੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਪਹਿਲੀ ਨਜ਼ਰੇ ਮੈਂ ਤੇਰੇ ਉੱਤੇ, ਡੁੱਲ੍ਹ ਗਿਆ ਸਾਰਾ,
ਮੈਨੂੰ ਦਿਸੇ ਤੇਰੇ ਬਾਝੋਂ ਹੁਣ, ਕੋਈ ਨਾ ਸਹਾਰਾ।
ਪਹਿਲੀ ਨਜ਼ਰੇ ਮੈਂ ਤੇਰੇ ਉੱਤੇ, ਡੁੱਲ੍ਹ ਗਿਆ ਸਾਰਾ,
ਮੈਨੂੰ ਦਿਸੇ ਤੇਰੇ ਬਾਝੋਂ ਹੁਣ, ਕੋਈ ਨਾ ਸਹਾਰਾ।
ਜਪਾਂ ਨਾਮ ਤੇਰਾ ਦਿਨ ਰਾਤ, ਆਪਣੀ ਜ਼ੁਬਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਰਾਤੀਂ ਸੁਪਨੇ ਵੀ ਤੇਰੇ, ਦਿਨੇ ਤੇਰੇ ਹੀ ਫਸਾਨੇ,
ਤੇਰੀ ਦੀਦ ਲਈ ਘੜਾਂ, ਨਿੱਤ ਲੱਖਾਂ ਹੀ ਬਹਾਨੇ।
ਰਾਤੀਂ ਸੁਪਨੇ ਵੀ ਤੇਰੇ, ਦਿਨੇ ਤੇਰੇ ਹੀ ਫਸਾਨੇ,
ਤੇਰੀ ਦੀਦ ਲਈ ਘੜਾਂ, ਨਿੱਤ ਲੱਖਾਂ ਹੀ ਬਹਾਨੇ।
ਦਿਲ ਚਾਹੇ ਤੇਰੇ ਲਈ, ਕਰਾਂ ਹਰ ਕੁਰਬਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।

ਤੇਰੀ ਚੜ੍ਹਦੀ ਜਵਾਨੀ, ਤੇਰੀ ਅੱਖ ਮਸਤਾਨੀ,
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।
ਜਿੱਥੇ ਨਜ਼ਰਾਂ ਮਿਲਾਵੇਂ, ਬਣੇ ਨਵੀਂ ਹੀ ਕਹਾਣੀ।



ਸਾਂਝੀ ਸੋਚ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ
+44 77487-72308

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# JK TYRE INC

## JKTYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY (Feel the difference) · PIRELLI
MICHELIN (A better way forward) · BRIDGESTONE · Firestone · YOKOHAMA
PEARLY · NAMA · TOYO TIRES (driven to perform) · Continental · DUNLOP TIRES

## S. Singh Cell: (510) 766-9382
2955 N. Wilson Way Stockton , CA 95205


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 235**

ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥ ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥ ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥ ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥ ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥ ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥ ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ ॥ ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ ॥੯॥ ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ ॥ ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥੧੦॥੨॥ {ਪੰਨਾ 235}

ਭਾਵ ਅਰਥ:-

ਹੇ ਮੇਰੇ ਆਪ ਮੁਹਾਰੇ ਚੱਲਣ ਵਾਲਿਆ ਮਨਾ! ਤੂੰ ਚੁਸਤੀਆਂ ਚਲਾਕੀਆਂ ਛੱਡ ਦੇ, ਕਿਉਂਕਿ ਇਹਨਾਂ ਦਾ ਅਸਲੀ ਰੂਪ ਬੜਾ ਭਿਆਨਕ ਹੁੰਦਾ ਹੈ( ਤੂੰ ਉਸ ਅਗਮ ਅਗੋਚਰ ਪ੍ਰਭੂ ਦਾ ਨਾਮ ਆਪਣੇ ਨਾਲ ਬੰਨ) ਜਿਸ ਨੇ ਤੇਰੇ ਜੀਵਨ ਵਿੱਚ ਤੇਰੀ ਦੇਖਭਾਲ ਕਰਨੀ ਹੈ,ਪਾਲਣਾ ਕਰਨੀ ਹੈ ਤੇ ਅੰਤ ਨੂੰ ਤੈਨੂੰ ਪਾਪਾਂ ਤੋਂ ਮੁਕਤ ਕਰਨਾ ਹੈ॥੬॥

ਹੇ ਮੇਰੇ ਚੰਚਲ ਵੱਡੇ ਭਾਗਾਂ ਵਾਲਿਆ ਮਨਾ! ਤੂੰ ਭਗਵਾਨ ਦੇ ਨਾਮ, ਗਿਆਨ ਤੇ ਵਿਚਾਰ ਨੂੰ ਆਪਣੇ ਅੰਦਰ ਸਮੋ, ਇਹ ਜਿਹੜਾ ਪਰਮਾਤਮ ਗਿਆਨ ਹੈ, ਇਹ ਇੱਕ ਤਰ੍ਹਾਂ ਤਲਵਾਰ ਦਾ ਕੰਮ ਕਰਦਾ ਹੈ ।ਜਦੋਂ ਜਮਾਂ ਦੇ ਦਰਬਾਰ ਤੇ ਤੇਰੇ ਉੱਤੇ ਜਿਆਦਤੀ ਹੋਣ ਲੱਗਦੀ ਹੈ॥੭॥

ਹੇ ਮੇਰੇ ਚੰਚਲ ਮਨਾ! ਤੇਰੇ ਹਿਰਦੇ ਦੇ ਅੰਦਰ ਹੀ ਉਹ ਸਰਬ ਉੱਤਮ ਜੋਤ ਪ੍ਰਕਾਸ਼ਮਾਨ ਹੈ, ਤੂੰ ਉਸਨੂੰ ਲੱਭਣ ਲਈ ਬਾਹਰ ਭਟਕਦਾ ਫਿਰਦਾ ਹੈਂ॥ ਤੈਨੂੰ ਗੁਰੂ ਉੱਤਮ ਪੁਰਖ ਮਿਲ ਗਿਆ ਹੈ। ਜਿਸ ਸਮੇਂ ਤੈਨੂੰ ਤੇਰਾ ਪ੍ਰੀਤਮ ਪਿਆਰਾ ਪ੍ਰਭੂ ਅਕਾਲ ਪੁਰਖ ਮਿਲ ਗਿਆ ਹੈ( ਉਸ ਦਾ ਲਾਭ ਉਠਾ)॥੮॥

ਹੇ ਮੇਰੇ ਆਪ ਮੁਹਾਰੇ ਮਨਾ! ਤੂੰ ਉਸ ਪ੍ਰਭੂ ਰੰਗ ਵਿੱਚ ਰੰਗਿਆ ਹੋਇਆ ਹੈਂ ,ਜਿਹੜਾ ਸਦਾ ਹੀ ਤੇਰੀ ਦੇਖਭਾਲ ਕਰਦਾ ਹੈ, ਉਸ ਦਾ ਰੰਗ ਪੱਕਾ ਰੰਗ ਹੈ, ਜਿਹੜਾ ਸ਼ਬਦ ਬਾਣੀ ਦੇ ਨਾਲ ਜੁੜੇ ਰਹਿਣ ਕਾਰਨ ਕਦੇ ਨਹੀਂ ਉਤਰਦਾ ਅਤੇ ਅਤੇ ਤੇਰੀ, ਹਰਿ ਪ੍ਰਭੂ ਸਦਾ ਹੀ ਪਾਲਣਾ ਕਰਦਾ ਹੈ॥੯॥

ਹੇ ਮੇਰੇ ਚੰਚਲ ਮਨਾ ! ਅਸੀਂ ਵੀ ਪੰਛੀ ਹਾਂ ਤੇ ਅਕਾਲ ਪੁਰਖ ਵੀ ਇੱਕ ਤਰ੍ਹਾਂ ਨਾਲ ਅਸਮਾਨ ਚ ਉੱਡਣ ਵਾਲਾ ਸਾਡਾ ਸਾਥ ਦੇਣ ਵਾਲਾ ਪੰਛੀ ਹੀ ਹੈ। ਹੇ ਨਾਨਕ ਅਸੀਂ ਉਸ ਨੂੰ ਵੱਡੇ ਭਾਗਾਂ ਨਾਲ ਹੀ ਪਾਇਆ ਹੈ ਤੇ ਸਾਨੂੰ ਉਹ ਸਦਾ ਹੀ ਪਾਲਦਾ ਹੈ॥੧੦॥

ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਜਬ ਇਹੁ ਮਨ ਮਹਿ ਕਰਤ ਗੁਮਾਨਾ ॥ ਤਬ ਇਹੁ ਬਾਵਰੁ ਫਿਰਤ ਬਿਗਾਨਾ ॥ ਜਬ ਇਹੁ ਹੂਆ ਸਗਲ ਕੀ ਰੀਨਾ ॥ ਤਾ ਤੇ ਰਮਈਆ ਘਟਿ ਘਟਿ ਚੀਨਾ ॥੧॥ ਸਹਜ ਸੁਹੇਲਾ ਫਲੁ ਮਸਕੀਨੀ ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥੧॥ ਰਹਾਉ ॥ ਜਬ ਕਿਸ ਕਉ ਇਹੁ ਜਾਨਸਿ ਮੰਦਾ ॥ ਤਬ ਸਗਲੇ ਇਸੁ ਮੇਲਹਿ ਫੰਦਾ ॥ ਮੇਰ ਤੇਰ ਜਬ ਇਨਹਿ ਚੁਕਾਈ ॥ ਤਾ ਤੇ ਇਸੁ ਸੰਗਿ ਨਹੀ ਬੈਰਾਈ ॥੨॥ ਜਬ ਇਨਿ ਅਪੁਨੀ ਅਪਨੀ ਧਾਰੀ ॥ ਤਬ ਇਸ ਕਉ ਹੈ ਮੁਸਕਲੁ ਭਾਰੀ ॥ ਜਬ ਇਨਿ ਕਰਣੈਹਾਰੁ ਪਛਾਤਾ ॥ ਤਬ ਇਸ ਨੋ ਨਾਹੀ ਕਿਛੁ ਤਾਤਾ ॥੩॥ ਜਬ ਇਨਿ ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ ॥ ਜਬ ਇਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥ {ਪੰਨਾ 235}

ਭਾਵ ਅਰਥ:-

ਹੇ ਭਾਈ ! ਜਦੋਂ ਤੱਕ ਇਸ ਹਿਰਦੇ ਅੰਦਰ ਹੰਕਾਰ ਦਾ ਕੀੜਾ ਵੜਿਆ ਹੋਇਆ ਹੈ, ਉਦੋਂ ਤੱਕ ਇਹ ਉਸ ਦਾਤੇ ਪ੍ਰਭੂ ਪਰਮਾਤਮਾ ਨੂੰ ਆਪਣਾ ਨਹੀਂ ਬਣਾ ਸਕਦਾ ਤੇ ਉਹਦਾ ਨਹੀਂ ਬਣ ਸਕਦਾ। ਜਦੋਂ ਇਹ ਹਰ ਇਕ ਦੇ ਚਰਨਾਂ ਦੀ ਧੂੜ ਆਪਣੇ ਆਪ ਨੂੰ ਸਮਝਣ ਲੱਗ ਜਾਏਗਾ ਭਾਵ ਇਹਦੇ ਵਿੱਚ ਇੰਨੀ ਨਿਮਰਤਾ ਆ ਜਾਏਗੀ ਤਾਂ ਉਹ ਸਦਾ ਥਿਰ ਭਗਵਾਨ ਇਸ ਨੂੰ ਪਛਾਣ ਆ ਜਾਏਗਾ। ਇਹਨੂੰ ਸਮਝ ਆ ਜਾਏਗੀ ,ਇਸ ਨੂੰ ਪਤਾ ਲੱਗ ਜਾਏਗਾ ਕਿ ਉਹ ਹਰ ਹਿਰਦੇ ਅੰਦਰ, ਹਰ ਪਿੰਡੇ ਅੰਦਰ ਵੱਸਦਾ ਹੈ॥੧॥

ਹੇ ਦਿਆਲੂ ਪ੍ਰਭੂ! ਤੂੰ ਮੈਨੂੰ ਸਹਿਜਤਾ ਤੇ ਨਿਮਰਤਾ ਦਾ ਦਾਨ ਬਖਸ਼ਿਸ਼ ਕੀਤਾ ਹੋਇਆ ਹੈ॥੧॥ ਰਹਾਉ॥

ਜਦੋਂ ਇਹ ਮਨ ਕਿਸੇ ਨੂੰ ਬੁਰਾ ਸਮਝਦਾ ਹੈ, ਭਾਵ ਬੁਰੀਆਂ ਭਾਵਨਾਵਾਂ ਰੱਖਦਾ ਹੈ ਤਾਂ ਇਸ ਨੂੰ ਯਮਰਾਜ ਦੇ ਘਰ ਫਾਹੀ ਹੀ ਮਿਲਦੀ ਹੈ। ਜਦ ਇਹਦੇ ਅੰਦਰੋਂ ਮੇਰ ਤੇਰ ਦੀ ਭਾਵਨਾ ਨਿਕਲ ਗਈ, ਭਾਵ ਇਸ ਦੀ ਸਮਝ ਵਿੱਚ ਸਭ ਜਨ ਸਮਾਨ ਹੋ ਗਏ, ਤਾਂ ਇਸ ਨਾਲ ਕਿਸੇ ਦਾ ਕੋਈ ਵੈਰ ਭਾਵ ਨਹੀਂ ਰਹਿ ਜਾਏਗਾ॥੨॥

ਜਦ ਤੱਕ ਇਸਦੇ ਅੰਦਰ ਮੈਂ ਤੇ ਸਿਰਫ ਮੈਂ ਵਾਲੀ ਹਉਮੈ ਵੜੀ ਹੈ ਤਦ ਤੱਕ ਇਸ ਨੂੰ ਆਲੇ ਦੁਆਲੇ ਸਾਰੇ ਪਾਸਿਓਂ ਮੁਸ਼ਕਲਾਂ ਹੀ ਮੁਸ਼ਕਲਾਂ ਪੇਸ਼ ਹੋਣਗੀਆਂ। ਜਦੋਂ ਇਸ ਨੇ ਉਸ ਸਮਸਤ ਸ੍ਰਿਸ਼ਟੀ ਨੂੰ ਸਾਜਣ ਵਾਲੇ ਪਾਰਬ੍ਰਹਮ ਪਰਮੇਸ਼ਰ ਨੂੰ ਪਛਾਣ ਲਿਆ ਤਾਂ ਇਸ ਲਈ ਸਭ ਕੁਝ ਸੁਖਾਲਾ ਹੋ ਜਾਏਗਾ ਤੇ ਇਸ ਨੂੰ ਕੁਛ ਵੀ ਬੇਗਾਨਾ ਨਹੀਂ ਲੱਗੇਗਾ। ।੩।।

ਜੇ ਇਹ ਮਾਇਆ ਮੋਹ ਦੇ ਬੰਧਨਾਂ ਵਿੱਚ ਬੰਨਿਆ ਰਿਹਾ ਤਾਂ ਇਸ ਨੂੰ ਹਮੇਸ਼ਾ ਆਤਮਿਕ ਮੌਤੇ ਮਰਨ ਦਾ ਡਰ ਲੱਗਿਆ ਰਹੇਗਾ ਅਤੇ ਜਮ ਇਸ ਨਾਲ ਬੁਰੀ ਤਰ੍ਹਾਂ ਵਿਹਾਰ ਕਰਨਗੇ। ਜਦ ਇਸ ਮਨ ਅੰਦਰੋਂ ਹਰ ਤਰ੍ਹਾਂ ਦੇ ਭਰਮ ਭੁਲੇਖੇ ਮਿਟ ਜਾਣਗੇ ਤਾਂ ਫਿਰ ਇਸ ਮਨੁੱਖ ਅਤੇ ਉਸ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਕੋਈ ਫਰਕ ਨਹੀਂ ਰਹਿ ਜਾਏਗਾ॥੪॥

ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥ ਤਬ ਤੇ ਦੂਖ ਡੰਡ ਅਰੁ ਖੇਦਾ ॥ ਜਬ ਇਨਿ ਏਕੋ ਏਕੀ ਬੂਝਿਆ ॥ ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥੫॥ ਜਬ ਇਹੁ ਧਾਵੈ ਮਾਇਆ ਅਰਥੀ ॥ ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥ ਜਬ ਇਸ ਤੇ ਇਹੁ ਹੋਇਓ ਜਉਲਾ ॥ ਪੀਛੈ ਲਾਗਿ ਚਲੀ ਉਠਿ ਕਉਲਾ ॥੬॥ ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥ ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥ ਕਰਨ ਕਰਾਵਨ ਸਭੁ ਕਿਛੁ ਏਕੈ ॥ ਆਪੇ ਬੁਧਿ ਬੀਚਾਰਿ ਬਿਬੇਕੈ ॥ ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥ {ਪੰਨਾ 235}

ਭਾਵ ਅਰਥ:-

ਹੇ ਭਾਈ ! ਜਦੋਂ ਤੱਕ ਇਹ ਮਨ ਜੀਵਾਂ ਵਿਚਕਾਰ ਫਰਕ ਸਮਝਦਾ ਰਵੇਗਾ ਉਦੋਂ ਤੱਕ ਇਸ ਨੂੰ ਜੀਵਨ ਵਿੱਚ ਦੁਖ ਅਤੇ ਪਰਮਾਤਮਾ ਵੱਲੋਂ ਸਜ਼ਾਵਾਂ ਹੀ ਮਿਲਣਗੀਆਂ। ਜਦੋਂ ਇਸ ਨੇ ਉਸ ਏਕੰਕਾਰ ਨੂੰ ਸਮਝ ਲਿਆ ਉਦੋਂ ਤੋਂ ਸਾਰੇ ਗਿਆਨਾਂ ਦੀ ਪ੍ਰਾਪਤੀ ਹੋ ਜਾਣੀ ਹੈ। ਇਸ ਦੇ ਅੰਦਰ ਚਾਨਣਾ ਹੋ ਜਾਏਗਾ॥੫॥

ਜਦੋਂ ਤੱਕ ਇਹ ਹਿਰਦਾ ਧਨ ਦੌਲਤ ਦੇ ਪਿੱਛੇ ਭੱਜਦਾ ਰਹੇਗਾ, ਨਾ ਹੀ ਇਹਦੀ ਤ੍ਰਿਸ਼ਨਾ ਖਤਮ ਹੋਏਗੀ ਅਤੇ ਨਾ ਹੀ ਇਸਨੇ ਉਸ ਦੇ ਪਿੱਛੋਂ ਹਟਣਾ ਹੈ। ਜਦੋਂ ਇਸ ਨੇ ਉਸ ਮਾਇਆ ਮੋਹ ਨੂੰ ਤਿਆਗ ਦਿੱਤਾ ਤਾਂ ਉਹ ਆਪਣੇ ਆਪ ਇਹਦੇ ਪਿੱਛੇ ਲੱਗੀ ਫਿਰੇਗੀ॥੬॥

ਜਦੋਂ ਪਰਮਾਤਮਾ ਨੇ ਕਿਰਪਾ ਕਰ ਦਿੱਤੀ ਤਾਂ ਸੱਚੇ ਗੁਰੂ ਦੀ ਆਮਦ ਹੋ ਜਾਂਦੀ ਹੈ। ਉਸ ਦੇ ਦਿੱਤੇ ਗਿਆਨ ਨਾਲ ਮਨ ਦੇ ਮੰਦਰ ਅੰਦਰ ਗਿਆਨ ਦਾ ਦੀਪਕ ਜਲ ਉਠਦਾ ਹੈ। ਜਿੱਤ ਕੀ ਹੈ ਤੇ ਹਾਰ ਕੀ ਹੈ ਉਸ ਦਾ ਪਤਾ ਲੱਗ ਜਾਂਦਾ ਹੈ ਤੇ ਇਸ ਹਿਰਦੇ ਦੀ ਕੀਮਤ ਪਤਾ ਲੱਗਦੀ ਹੈ॥੭॥

ਉਹ ਉੱਤਮ ਪੁਰਖ ਹਰੀ ਪ੍ਰਭੂ ਸਾਰੀ ਸ੍ਰਿਸ਼ਟੀ ਦਾ ਕਰਨ ਕਰਾਵਣਹਾਰ ਹੈ ,ਉਹਦੇ ਹੁਕਮ ਤੋਂ ਬਿਨਾਂ ਪੱਤਾ ਵੀ ਨਹੀਂ ਹਿਲਦਾ । ਉਹੀ ਸਾਨੂੰ ਸ਼ੁੱਧ ਬੁੱਧੀ ਦੇਣ ਵਾਲਾ ਹੈ, ਉਹੀ ਸ਼ੁੱਧ ਵਿਚਾਰ ਦੇਣ ਵਾਲਾ ਹੈ। ਉਹ ਕਿਤੇ ਵੀ ਕਿਸੇ ਤੋਂ ਦੂਰ ਜਾਂ ਨੇੜੇ ਵਾਲੀ ਗੱਲ ਨਹੀਂ ਰੱਖਦਾ। ਸਭ ਦੇ ਅੰਦਰ ਰਹਿੰਦਾ ਹੈ। ਹੇ ਨਾਨਕ ਮੈਂ ਤਾਂ ਅਰਦਾਸ ਕਰਦਾ ਹਾਂ ਕਿ ਹਰ ਜੀਵ ਉਸਨੂੰ ਧਿਆਉਣਾ ਕਰੇ ਤੇ ਉਹਦੇ ਰੰਗ ਵਿੱਚ ਰੰਗਿਆ ਜਾਵੇ॥੮॥

**ਅੰਗ 236**

ਗਉੜੀ ਮਹਲਾ ੫ ॥

ਗੁਰ ਸੇਵਾ ਤੇ ਨਾਮੇ ਲਾਗਾ ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥ ਤਿਸ ਕੈ ਹਿਰਦੈ ਰਵਿਆ ਸੋਇ ॥ ਮਨੁ ਤਨੁ ਸੀਤਲੁ ਨਿਹਚਲੁ ਹੋਇ ॥੧॥ ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥੧॥ ਰਹਾਉ ॥ ਜਾਸੁ ਜਪਤ ਭਉ ਅਪਦਾ ਜਾਇ ॥ ਧਾਵਤ ਮਨੂਆ ਆਵੈ ਠਾਇ ॥ ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥ ਜਾਸੁ ਜਪਤ ਇਹ ਹਉਮੈ ਭਾਗੈ ॥੨॥ ਜਾਸੁ ਜਪਤ ਵਸਿ ਆਵਹਿ ਪੰਚਾ ॥ ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥ ਜਾਸੁ ਜਪਤ ਇਹ ਤ੍ਰਿਸਨਾ ਬੁਝੈ ॥ ਜਾਸੁ ਜਪਤ ਹਰਿ ਦਰਗਹ ਸਿਝੈ ॥੩॥ ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥ ਜਾਸੁ ਜਪਤ ਹਰਿ ਹੋਵਹਿ ਸਾਧ ॥ ਜਾਸੁ ਜਪਤ ਮਨੁ ਸੀਤਲੁ ਹੋਵੈ ॥ ਜਾਸੁ ਜਪਤ ਮਲੁ ਸਗਲੀ ਖੋਵੈ ॥੪॥ ਜਾਸੁ ਜਪਤ ਰਤਨੁ ਹਰਿ ਮਿਲੈ ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥ ਜਾਸੁ ਜਪਤ ਕਈ ਬੈਕੁੰਠ ਵਾਸੁ ॥ ਜਾਸੁ ਜਪਤ ਸੁਖ ਸਹਜਿ ਨਿਵਾਸੁ ॥੫॥ ਜਾਸੁ ਜਪਤ ਇਹ ਅਗਨਿ ਨ ਪੋਹਤ ॥ ਜਾਸੁ ਜਪਤ ਇਹੁ ਕਾਲੁ ਨ ਜੋਹਤ ॥ ਜਾਸੁ ਜਪਤ ਤੇਰਾ ਨਿਰਮਲ ਮਾਥਾ ॥ ਜਾਸੁ ਜਪਤ ਸਗਲਾ ਦੁਖੁ ਲਾਥਾ ॥੬॥ ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥ ਜਾਸੁ ਜਪਤ ਸੁਣਿ ਅਨਹਤ ਧੁਨੈ ॥ ਜਾਸੁ ਜਪਤ ਇਹ ਨਿਰਮਲ ਸੋਇ ॥ ਜਾਸੁ ਜਪਤ ਕਮਲੁ ਸੀਧਾ ਹੋਇ ॥੭॥ ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥ ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥ {ਪੰਨਾ 236}

ਭਾਵ ਅਰਥ:-

ਹੇ ਭਾਈ! ਮੈਂ ਗੁਰੂ ਦੇ ਮਾਰਗ ਦਰਸ਼ਨ ਕਾਰਣ ਪਰਮਾਤਮਾ ਦੇ ਨਾਮ ਨਾਲ ਜੁੜ ਗਿਆ ਹਾਂ। ਇਹ ਵੀ ਉਹਨਾਂ ਨਾਲ ਹੀ ਹੁੰਦਾ ਹੈ ਜਿਨਾਂ ਦੇ ਭਾਗਾਂ ਵਿੱਚ ਲਿਖਿਆ ਹੁੰਦਾ ਹੈ। ਉਹ ਦਾਤਾਰ ਜਿਸ ਦੇ ਹਿਰਦੇ ਅੰਦਰ ਵਸਿਆ ਹੋਵੇ ਉਸ ਦਾ ਮਨ ਅਤੇ ਤਨ ਦੋਨੋਂ ਹੀ ਸ਼ੀਤਲ ਸ਼ਾਂਤ ਤੇ ਸੰਤੁਸ਼ਟ ਹੋ ਜਾਂਦੇ ਹਨ॥੧॥

ਹੇ ਮੇਰੇ ਮਨਾ! ਨਾਮ ਬਾਣੀ ਦਾ ਕੀਰਤਨ ਇਸ ਤਰੀਕੇ ਨਾਲ ਕਰ ਤਾਂ ਕਿ ਉਹ ਤੇਰੇ ਲੋਕ ਪਰਲੋਕ ਵਿੱਚ ਕੰਮ ਆ ਸਕੇ॥੧॥ ਰਹਾਉ॥

ਹੇ ਭਾਈ! ਉਹ ਅਕਾਲ ਪੁਰਖ ਇਸ ਤਰ੍ਹਾਂ ਦਾ ਹੈ, ਜਿਸ ਦੀ ਸਿਮਰਨੀ ਨਾਲ ਹਰ ਤਰ੍ਹਾਂ ਦਾ ਡਰ ਭਉ ਖਤਮ ਹੋ ਜਾਂਦਾ ਹੈ ਅਤੇ ਮਨ ਨੂੰ ਭੱਜ ਕੇ ਉਸਦੇ ਚਰਨ ਕਮਲਾਂ ਵਿੱਚ ਥਾਂ ਮਿਲਦੀ ਹੈ। ਉਹ ਦਾਤਾਰ ਇੰਨਾ ਦਿਆਲੂ ਹੈ ਕਿ ਉਸ ਦੀ ਭਜਨ ਬੰਦਗੀ ਨਾਲ ਕਿਸੇ ਤਰ੍ਹਾਂ ਦਾ ਦੁੱਖ ਨਹੀਂ ਲੱਗਦਾ ਅਤੇ ਬੰਦੇ ਦੇ ਅੰਦਰੋਂ ਹੰਕਾਰ ਦਾ ਕੀੜਾ ਮਾਰਿਆ ਜਾਂਦਾ ਹੈ॥੨॥

ਉਹ ਨਾਰਾਇਣ ਇਸ ਤਰ੍ਹਾਂ ਦਾ ਹੈ ਕਿ ਜਿਸ ਦੀ ਬਾਣੀ ਦਾ ਜਾਪ ਕਰਨ ਨਾਲ ਪੰਜੇ ਵਿਕਾਰ ਕਾਬੂ ਵਿੱਚ ਆ ਜਾਂਦੇ ਹਨ, ਸਾਰੀਆਂ ਵਾਧੂ ਦੀਆਂ ਕਾਮਨਾਵਾਂ ਖਤਮ ਹੋ ਜਾਂਦੀਆਂ ਹਨ ਅਤੇ ਪ੍ਰਭੂ ਪਰਮਾਤਮਾ ਦਾ ਦਰਬਾਰ ਸਮਝ ਆ ਜਾਂਦਾ ਹੈ॥੩॥

ਉਹ ਸਤਿਗੁਰ ਐਸਾ ਦਿਆਲੂ ਹੈ ਕਿ ਉਸ ਦੀ ਸਿਫਤ ਸਲਾਹ ਨਾਲ ਕਰੋੜਾਂ ਕੀਤੇ ਹੋਏ ਅਪਰਾਧ ਮਿਟ ਜਾਂਦੇ ਹਨ, ਮਨੁੱਖ ਸਾਧਨਾ ਕਰਕੇ ਸਾਧ ਬਣ ਜਾਂਦਾ ਹੈ, ਹਿਰਦਾ ਸ਼ੀਤਲ ਸ਼ਾਂਤ ਹੋ ਜਾਂਦਾ ਹੈ ਅਤੇ ਹਰ ਤਰ੍ਹਾਂ ਦੀ ਪਾਪ ਦੀ ਮੈਲ ਅੰਦਰੋਂ ਧੋਤੀ ਜਾਂਦੀ ਹੈ॥੪॥

ਉਸ ਅਕਾਲ ਪੁਰਖ ਦੀ ਭਜਨ ਬੰਦਗੀ ਨਾਲ ਹਰ ਤਰ੍ਹਾਂ ਦੇ ਕੀਮਤੀ ਮੋਤੀ ਹਾਸਿਲ ਹੁੰਦੇ ਹਨ, ਉਹ ਹਰੀ ਪ੍ਰਭੂ ਆਪਣਾ ਸਾਥ ਦਿੰਦਾ ਹੈ, ਉਹ ਦਾਤਾ ਸਵਰਗ ਵਿੱਚ ਵਾਸਾ ਪ੍ਰਧਾਨ ਕਰਦਾ ਹੈ ਅਤੇ ਮਨੁੱਖ ਨੂੰ ਜੀਵਨ ਦੌਰਾਨ ਸਾਰੇ ਹੀ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ॥੫॥

ਉਸ ਪਾਰਬ੍ਰਹਮ ਪਰਮੇਸ਼ਵਰ ਦੀ ਵੰਦਨਾ ਕਰਨ ਨਾਲ ਮਨ ਦੀ ਤ੍ਰਿਸ਼ਨਾ ਤੰਗ ਨਹੀਂ ਕਰਦੀ, ਆਤਮਿਕ ਮੌਤੇ ਮਰਨ ਦਾ ਡਰ ਖਤਮ ਹੋ ਜਾਂਦਾ ਹੈ, ਮੱਥੇ ਦੇ ਭਾਗ ਸੁੰਦਰ ਲਿਖੇ ਜਾਂਦੇ ਹਨ ਅਤੇ ਹਰ ਤਰ੍ਹਾਂ ਦੇ ਦੁੱਖ ਦਰਦ ਖਤਮ ਹੋ ਜਾਂਦੇ ਹਨ॥੬॥

ਉਸ ਨਿਰੰਕਾਰ ਆਕਾਰ ਦੀ ਅਰਾਧਨਾ ਦੇ ਨਾਲ ਕਦੇ ਬੰਦੇ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪੈਂਦਾ, ਹਿਰਦੇ ਤੇ ਅੰਦਰ ਸਦਾ ਇਕ ਸੁੰਦਰ ਧੁਨ ਵੱਜਦੀ ਹੈ, ਮਨੁੱਖ ਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ ਅਤੇ ਇਨਸਾਨ ਦਾ ਜੀਵਨ ਕਮਲ ਫੁੱਲ ਦੀ ਤਰਾਂ ਚਿੱਕੜ ਵਿੱਚ ਵੀ ਨਿਰਲੇਪ ਰਹਿੰਦਾ ਹੈ॥੭॥ ਹੇ ਭਾਈ ਜੀ ਗੁਰੂ ਦੀ ਨਜ਼ਰ ਸਭ ਦੇ ਉੱਪਰ ਸਵੱਲੀ ਹੋ ਜਾਵੇ ਤਾਂ ਉਹ ਹਰ ਇੱਕ ਦੇ ਹਿਰਦੇ ਦੇ ਅੰਦਰ ਪ੍ਰਭੂ ਨਾਮ ਵਸਾ ਦਿੰਦਾ ਹੈ ਤਾਂ ਉਹਨਾਂ ਮਨੁੱਖ ਵਾਸਤੇ ਇਹ ਪ੍ਰਭੂ ਨਾਮ ਇੱਕ ਭੋਜਨ ਦੀ ਤਰਹਾਂ ਬਣ ਜਾਂਦਾ ਹੈ। ਨਾਨਕ ਫਰਮਾਉਂਦੇ ਹਨ! ਕਿ ਜਿਸ ਨੂੰ ਸੰਪੂਰਨ ਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ (ਉਸ ਨੂੰ ਹੀ ਇਹ ਸਾਰਾ ਕੁਝ ਹਾਸਲ ਹੁੰਦਾ ਹੈ)।

ਗਉੜੀ ਮਹਲਾ ੫ ॥

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥ ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥ ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥ ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥੨॥ ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥ ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥੩॥ ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥ ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥ ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥ ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥ ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ ਜੀਅ ਕੋ ਦਾਨੁ ॥ ਸਹਜ ਕਥਾ ਮਹਿ ਆਤਮੁ ਰਸਿਆ ॥ ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥ ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ ॥ ਸਹਜੇ ਰੁਣ ਝੁਣਕਾਰੁ ਸੁਹਾਇਆ ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥ ਸਹਜੇ ਜਾ ਕਉ ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥ ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥ {ਪੰਨਾ 236-237}

ਭਾਵ ਅਰਥ:-

ਹੇ ਭਾਈ !ਜਿਹੜਾ ਮਨੁੱਖ ਉਸ ਅਗਮ ਅਗੋਚਰ ਦਾ ਨਾਮ ਆਪਣੇ ਹਿਰਦੇ ਅੰਦਰ ਧਿਆਉਂਦਾ ਹੈ ,ਵਸਾ ਲੈਂਦਾ ਹੈ, ਉਸ ਦੇ ਅੰਦਰੋਂ ਪੰਜੇ ਚੋਰ (ਕਾਮ ਕ੍ਰੋਧ ਲੋਭ ਮੋਹ ਹੰਕਾਰ) ਭੱਜ ਜਾਂਦੇ ਹਨ। ਇਸ ਤਰਾਂ ਦਸਾਂ ਇੰਦਰੀਆਂ ਦੇ ਉੱਪਰ ਪਰਮਾਤਮਾ ਦੇ ਨਾਮ ਦਾ ਵਾਸਾ ਹੋਣ ਕਰਕੇ, ਆਤਮਾ ਨਾਮ ਦੇ ਗਿਆਨ ਕਾਰਨ ਰੋਸ਼ਨ ਹੋ ਜਾਂਦੀ ਹੈ।( ਭਾਵ ਮਾਇਆ ਤੇ ਮਾੜੇ ਪਰਭਾਵਾਂ ਦਾ ਅਸਰ ਨਹੀਂ ਹੁੰਦਾ)॥੧॥

ਅਜਿਹੇ ਮਨੁੱਖ ਉੱਤੇ ਫਿਰ ਪ੍ਰਭੂ ਪਰਮਾਤਮਾ ਦੀ ਦਇਆ ਦ੍ਰਿਸ਼ਟੀ ਹਮੇਸ਼ਾ ਲਈ ਬਣੀ ਰਹਿੰਦੀ ਹੈ॥੧॥ ਰਹਾਉ॥

ਅਜਿਹਾ ਮਨੁੱਖ ਫੇਰ ਦੁਸ਼ਮਣ ਅਤੇ ਦੋਸਤ ਵਿੱਚ ਫਰਕ ਨਹੀਂ ਕਰਦਾ, ਉਹ ਜਿੰਨਾ ਬੋਲਦਾ ਹੈ ਉਹਦੇ ਵਿੱਚ ਉਸ ਦਾ ਗਿਆਨ ਹੀ ਝਲਕਦਾ ਹੈ, ਉਸ ਦੇ ਕੰਨ ਸਿਰਫ ਨਾਮ ਹੀ ਸੁਣਦੇ ਹਨ, ਅੱਖਾਂ ਪ੍ਰਭੂ ਦੀ ਕ੍ਰਿਤ ਅਤੇ ਨਾਮ ਵੱਲ ਹੀ ਧਿਆਨ ਦਿੰਦੀਆਂ ਹਨ॥੨॥

(ਜਿਸ ਤੇ ਉਸ ਅਕਾਲ ਪੁਰਖ ਦੀ ਕਿਰਪਾ ਹੋ ਜਾਂਦੀ ਹੈ), ਉਸ ਦਾ ਸੌਣਾ ਜਾਗਣਾ ਬੜੇ ਸਹਿਜ ਤੇ ਸੰਤੁਸ਼ਟ ਢੰਗ ਨਾਲ ਹੁੰਦਾ ਹੈ, ਖੁਸ਼ ਹੋਣ ਵਿੱਚ ਤੇ ਵੈਰਾਗ ਵਿੱਚ ਵੀ ਸਹਿਜਤਾ ਆ ਜਾਂਦੀ ਹੈ, ਖਾਮੋਸ਼ੀ ਅਤੇ ਭਜਨ ਬੰਦਗੀ ਵੇਲੇ ਵੀ ਮਨ ਅਡੋਲ ਰਹਿੰਦਾ ਹੈ॥੩॥ ਉਸ ਨੂੰ ਖਾਣ ਪੀਣ ਦਾ ਲੋਭ ਲਾਲਚ ਵੀ ਨਹੀਂ ਰਹਿੰਦਾ ਅਤੇ ਮਨ ਵਿੱਚ ਅਡੋਲਤਾ ਦੇ ਕਾਰਨ ਪਰਮਾਤਮਾ ਨਾਲ ਭਾਵ ਨਾਲ ਜੁੜਾਉ ਬਣਦਾ ਹੈ।

ਇਸੇ ਸੰਤੁਸ਼ਟੀ ਦੇ ਕਾਰਨ ਮਨ ਬੁਰੇ ਕਰਮਾਂ ਤੋਂ ਦੂਰ ਰਹਿੰਦਾ ਹੈ। ਗੁਰੂ ਨਾਲ ਮਿਲਾਪ ਵੀ ਬੜੀ ਸੰਤੁਸ਼ਟੀ ਨਾਲ ਹੁੰਦਾ ਹੈ, ਇਸ ਸਹਿਜਤਾ ਦੇ ਨਾਲ ਹੀ ਪਾਰਬ੍ਰਹਮ ਪਰਮੇਸ਼ਵਰ ਦਾ ਮਿਲਾਪ ਵੀ ਹੋ ਜਾਂਦਾ ਹੈ॥੪॥

ਇਸ ਅਵਸਥਾ ਵਿੱਚ ਮਨੁੱਖ ਪਰਿਵਾਰ ਵਿੱਚ ਰਹਿੰਦਿਆਂ ਹੋਇਆ ਵਾਧੂ ਦੀਆਂ ਚਿੰਤਾਵਾਂ ਅਤੇ ਵਾਧੂ ਦੀਆਂ ਇੱਛਾਵਾਂ ਤੋਂ ਪਰੇ ਰਹਿੰਦਾ ਹੈ, ਉਸ ਦੀ ਸਰੀਰਕ ਦੁਚਿੱਤੀ ਦੂਰ ਭੱਜ ਜਾਂਦੀ ਹੈ, ਉਸ ਦੇ ਅੰਦਰ ਵਸੀ ਇਸੇ ਸਹਿਜ ਅਡੋਲਤਾ ਦੇ ਕਾਰਨ ਉਹ ਸਦਾ ਆਨੰਦ ਵਿੱਚ ਰਹਿੰਦਾ ਹੈ ਜਿਸ ਕਾਰਨ ਉਸ ਨੂੰ ਅਕਾਲ ਪੁਰਖ ਵਾਹਿਗੁਰੂ ਦਾ ਮਿਲਾਪ ਹੋ ਜਾਂਦਾ ਹੈ॥੫॥

ਜਦੋਂ ਮਨੁੱਖ ਦੇ ਅੰਦਰ ਸ਼ਾਂਤੀ ਵਸ ਜਾਂਦੀ ਹੈ ਸਹਿਣਸ਼ੀਲਤਾ ਵਸ ਜਾਂਦੀ ਹੈ ਤਾਂ ਉਹ ਨਾਮ ਦਾ ਅੰਮ੍ਰਿਤ ਸੁਖਾਲੇ ਹੀ ਹਾਸਲ ਕਰ ਲੈਂਦਾ ਹੈ, ਇਸ ਤਰਾਂ ਬੜੇ ਆਰਾਮ ਨਾਲ ਆਪਣੇ ਹਿਰਦੇ ਨੂੰ ਪ੍ਰਭੂ ਪਰਮਾਤਮਾ ਅੱਗੇ ਸਮਰਪਿਤ ਕਰ ਦਿੰਦਾ ਹੈ, ਉਸ ਦੇ ਹਿਰਦੇ ਅੰਦਰ ਵਸੀ ਇਸੇ ਸਹਿਣਸ਼ੀਲਤਾ ਤੇ ਸ਼ਾਂਤੀ ਦੇ ਕਾਰਨ ਉਹ ਪਰਮਾਤਮਾ ਦੀ ਨਾਮ ਚਰਚਾ ਵਿੱਚ ਅਡੋਲਤਾ ਨਾਲ ਰੁੱਝਦਾ ਹੈ। ਤਾਂ ਹੀ ਫਿਰ ਉਸ ਸੱਚੇ ਪਾਤਸ਼ਾਹ ਦਾ ਉਸ ਨੂੰ ਮਿਲਾਪ ਹੁੰਦਾ ਹੈ॥੬॥ਹੇ ਭਾਈ! ਜਿਸ ਜੀਵ ਦੇ ਅੰਦਰ ਅਡੋਲਤਾ ਸ਼ਾਂਤੀ ਵੱਸ ਜਾਂਦੀ ਹੈ ਉਹ ਟਿਕਾਈ ਨਾਲ ਬੈਠ ਕੇ ਨਾਮ ਜਪਦਾ ਹੈ, ਇਸੇ ਸਹਿਜਤਾ ਦੇ ਕਾਰਨ ਉਸ ਦੇ ਮਨ ਅੰਦਰ ਬਿਨਾਂ ਵਜਾਇਆ ਵਾਜੇ ਦੀ ਧੁਨ ਵੱਜਦੀ ਰਹਿੰਦੀ ਹੈ, ਇਹ ਧੁਨ ਮਨ ਨੂੰ ਪਿਆਰੀ ਲੱਗਦੀ ਹੈ, ਤੇ ਇਸ ਤਰ੍ਹਾਂ ਸਹਿਣਸ਼ੀਲਤਾ ਸ਼ਾਂਤੀ ਅਡੋਲਤਾ ਦੇ ਕਾਰਨ ਬੰਦੇ ਦਾ ਮਿਲਾਪ ਪ੍ਰਭੂ ਪਰਮਾਤਮਾ ਨਾਲ ਹੋ ਜਾਂਦਾ ਹੈ॥੭॥ਜਿਸ ਦੇ ਭਾਗਾਂ ਵਿੱਚ ਸਹਿਜ ਭਾਵ ਲਿਖਿਆ ਗਿਆ, ਉਸ ਨੂੰ ਇਸੇ ਸਹਿਜ ਭਾਵ ਕਾਰਨ ਗੁਰੂ ਅਤੇ ਸੱਚੇ ਪਾਤਸ਼ਾਹ ਵਾਹਿਗੁਰੂ ਦਾ ਸਾਥ ਮਿਲ ਜਾਂਦਾ ਹੈ। ਇਸ ਸਹਿਜਤਾ ਨੂੰ ਉਹ ਮਨੁੱਖ ਆਪ ਹੀ ਜਾਣ ਸਕਦਾ ਹੈ। ਦਾਸ ਨਾਨਕ ਅਜਿਹੇ ਮਨੁੱਖਾਂ ਤੋਂ ਵਾਰੀ ਜਾਂਦੇ ਹਨ॥੮॥



ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

SANJHI SOCH TV & DAILY NEWSPAPER



TO EXPAND YOUR BUSINESS IN INDIAN COMMUNITY




Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com    Sanjhi Soch TV NRI

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260